੧ੳ ਵਾਹਿਗੁਰੂ ਜੀ ਕੀ ਫ਼ਤਹ ॥

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ,
ਸੋ ਕਹੀਅਤ ਹੈ ਸੂਰਾ ॥

# ਸੂਰਾ

ਪਟਿਆਲਾ

ਸਚਖੰਡ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ
[illegible]ਖੰਡ ਕੀਰਤਨੀ ਜੱਥਿਆਂ ਦੀ ਸਰਪ੍ਰਸਤੀ ਹੇਠ

ਮਾਸਕ ਪੱਤਰ

www.AKJ.org
www.AKJ.Org

# ਲੇਖ-ਸੂਚੀ


| ਨੰਬਰ ਲੇਖ | ਪੰਨਾ | ਲੇਖਕ |
|---|---|---|
| ੧. ਵਾਰਸ਼ਕ ਕੀਰਤਨ ਸਮਾਗਮ | ੪ | ਅਖੰਡ ਕੀਰਤਨ ਜੱਥਾ ਦਿਲੀ |
| ੨. ਸਿਮਰਨ ਦਾਤਾ ਸਤਿਗੁਰੂ | ੭ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ |
| ੩. ਸੰਤ ਕੀ ਨਿੰਦਾ | ੧੧ | ਭਾਈ ਸਤਿਨਾਮ ਸਿੰਘ ਲੁਧਿਆਣਾ |
| ੪. ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੧੮ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ |
| ੫. ਨਾਨਕ ਸੋ ਸੂਰਾ ਵਰਿਆਮ | ੨੬ | ਭਾਈ ਤਰਲੋਕ ਸਿੰਘ ਜੀ ਮਾਡਲ ਟਾਊਨ ਦਿਲੀ |
| ੬. ਅੰਮ੍ਰਿਤ ਕਦੋਂ ਛਕੀਏ | ੨੯ | ਭਾਈ ਜਗਜੀਤ ਸਿੰਘ ਜੀ ਫਰੀਦਾਬਾਦ |
| ੭. ਗੁਰ ਨਾਨਕ ਦੇਵ ਜੀ ਦਾ ਮਾਨਵਵਾਦ | ੩੧ | ਪ੍ਰੋ: ਕੁਲਦੀਪ ਕੌਰ ਐਮ. ਏ.ਐਮ. ਈ.ਡੀ. ਪਟਿਆਲਾ |
| ੮. ਡਿਠੇ ਸੁਣੇ ਤੇ ਹਢੀਂ ਵਾਪਰੇ ਬ੍ਰਿਤਾਂਤ | ੩੩ | ਭਾਈ ਸੁਰਜਨ ਸਿੰਘ ਜੀ ਗੁਜਰਵਾਲ |
| ੯ ਜਰੂਰੀ ਸੂਚਨਾ | ੩੫ | ਸੰਪਾਦਿਕ |
| ੧੦.ਪੁਸਤਕਾਂ ਦੀ ਲਿਸਟ | ੩੬ | ਅਖੰਡ ਕੀਰਤਨੀ ਜੱਥਾ ਪਟਿਆਲਾ |


## ਧੰਨਵਾਦ

ਜਿਹੜੇ ਸੁਹਿਰਦ ਸਜਣ ਮਾਸਕ ਪੱਤਰ "ਸੂਰਾ" ਦੀ ਸਹਾਇਤਾ ਲਈ ਮਾਇਆ ਭੇਜ ਰਹੇ ਹਨ ਉਹਨ੍ਹਾਂ ਦਾ ਅਤੀ ਧੰਨਵਾਦ ਕੀਤਾ ਜਾਂਦਾ ਹੈ ਤੇ ਛਪੀ ਹੋਈ ਰਸੀਦ ਉਹਨਾਂ ਨੂੰ ਭੇਜ ਦਿਤੀ ਗਈ ਹੈ ਪਰ ਜੇ ਕਿਸੇ ਕਾਰਨ ਆਪ ਜੀ ਨੂੰ ਰਸੀਦ ਨਾ ਮਿਲੀ ਹੋਵੇ ਤਾਂ ਆਪ ਤੁਰਤ ਹੀ ਮੈਨੇਜਰ "ਸੂਰਾ" ਨੂੰ ਚਿੱਠੀ ਪੱਤਰ ਲਿਖੋ ਤਾ ਕਿ ਸਾਡਾ ਹਿਸਾਬ ਕਿਤਾਬ ਠੀਕ ਰਹਿ ਸਕੇ ।

ਇਹ ਆਪ ਜੀ ਦਾ ਆਪਣਾ ਪਰਚਾ ਹੈ ਅਤੇ ਇਸ ਦੀ ਚੜ੍ਹਦੀ ਕਲਾ ਆਪ ਜੀ ਦੀ ਚੜ੍ਹਦੀ ਕਲਾ ਹੈ ਆਪ ਇਸੇ ਤਰਾਂ ਹੀ ਸਹਾਇਤਾ ਕਰਦੇ ਰਹੋ ਜੀ ਤਾਂ ਜੋ ਸੂਰਾਗੁਰਮਤਿ ਪਰਚਾਰ ਵਲ ਵਧਦਾ ਰਹੇ ।

—ਸੰਪਾਦਿਕ

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗਿ ਮਹਿ, ਸੋ ਕਹੀਅਤ ਹੈ ਸੂਰਾ ॥


੧ੳ ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

## ਪਟਿਆਲਾ

ਮਾਸਕ ਪੱਤਰ

### ਗੁਰਮਤਿ ਪ੍ਰਚਾਰਕ ਮਾਸਕ ਪੱਤਰ

ਜਿਲਦ ਨੰ: ੧ ਅਸੂ-ਕੱਤਕ ੪੯੭ ਨਾਨਕਸ਼ਾਹੀ ਅੰਕ ਨੰ: ੯


ਕਤਕਿ ਕਿਰਤੁ ਪਇਆ, ਜੋ ਪ੍ਰਭ ਭਾਇਆ ॥
ਦੀਪਕੁ ਸਹਜਿ ਬਲੈ, ਤਤਿ ਜਲਾਇਆ ॥
ਦੀਪਕ ਰਸ ਤੇਲੋ, ਧਨ ਪਿਰ ਮੇਲੋ, ਧਨ ਓਮਾਹੈ ਸਰਸੀ ॥
ਅਵਗਣ ਮਾਰੀ ਮਰੈ ਨ ਸੀਝੈ ਗੁਣਿ ਮਾਰੀ ਤਾ ਮਰਸੀ ॥
ਨਾਮੁ ਭਗਤਿ ਦੇ ਨਿਜ ਘਰਿ ਬੈਠੇ, ਅਜਹੁ ਤਿਨਾੜੀ ਆਸਾ ॥
ਨਾਨਕ ਮਿਲਹੁਕਪਟ ਦਰ ਖੋਲਹੁ, ਏਕ ਘੜੀ ਖਟੁ ਮਾਹਾ ॥੧੨॥

ਤੁਖਾਰੀ ਛੰਤ ਮਹਲਾ ੧ ਬਾਰਹਮਾਹ


ਆਨਰੇਰੀ ਐਡੀਟਰ :-
ਮਨੋਹਰ ਸਿੰਘ

ਸਲਾਹਕਾਰ ਬੋਰਡ ;-
ਬਾਊ ਮਲ ਸਿੰਘ ਜੀ, ਭਾਈ ਜੋਗਿੰਦਰ ਸਿੰਘ ਜੀ, ਭਾਈ ਮਹਿੰਦਰ ਸਿੰਘ ਜੀ, ਭਾਈ ਸੇਵਾ ਸਿੰਘ ਜੀ, ਭਾਈ ਅਜੀਤ ਸਿੰਘ ਜੀ, ਭਾਈ ਮਨਮੋਹਨ ਸਿੰਘ ਜੀ ।



ਅਕਤੂਬਰ ੧੯੬੬



www.AKJ.Org

ਸਚਖੰਡ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸਮੂੰਹ ਅਖੰਡ ਕੀਰਤਨੀ ਜਥਿਆਂ ਦਾ

# ਦਿਲੀ ਵਿਖੇ ਕੀਰਤਨ ਦਾ ਵਾਰਸ਼ਕ ਪਰੋਗਰਾਮ

19.10.66 ਨੂੰ ਸਵੇਰੇ ਪੰਜ ਵਜੇ ਤੋਂ ਬਾਰਾਂ ਵਜੇ ਤਕ ਕੀਰਤਨ ਆਸਾ ਦੀ ਵਾਰ ਗੁਰਦਵਾਰਾ ਬੰਗਲਾ ਸਾਹਿਬ ।

19.10.66 ਸ਼ਾਮ ਸਾਢੇ ਛੇ ਵਜੇ ਤੋਂ ਨੌਂ ਵਜੇ ਤਕ ਸੋਦਰ ਰਹਿਰਾਸ ਤੇ ਕੀਰਤਨ ਗੁਰਦਵਾਰਾ ਰਕਾਬ ਗੰਜ ਨਵੀਂ ਦਿਲੀ ।

20.10.66 ਸਵੇਰੇ ਪੰਜ ਵਜੇ ਤੋਂ ਬਾਰਾਂ ਵਜੇ ਤਕ ਕੀਰਤਨ ਆਸਾ ਦੀ ਵਾਰ ਗੁਰਦਵਾਰਾ ਬੰਗਲਾ ਸਾਹਿਬ ।

20.10.66 ਸ਼ਾਮ ਸਾਢੇ ਛੇ ਵਜੇ ਤੋਂ ਨੌ ਵਜੇ ਤਕ ਸੋਦਰ ਤੇ ਕੀਰਤਨ ਗੁਰਦਵਾਰਾ ਰਕਾਬ ਗੰਜ ।

21.10.66 ਸਵੇਰੇ ਪੰਜ ਵਜੇ ਤੋਂ ਬਾਰਾਂ ਵਜੇ ਤਕ ਕੀਰਤਨ ਆਸਾ ਦੀ ਵਾਰ ਗੁਰਦਵਾਰਾ ਸੀਸ ਗੰਜ ।

21.10.66 ਸ਼ਾਮ ਸੋਦਰ ਤੇ ਕੀਰਤਨ ਗੁਰਦਵਾਰਾ ਰਕਾਬ ਗੰਜ ।

22.10.66 ਸਵੇਰੇ ਪੰਜ ਵਜੇ ਤੋਂ ਬਾਰਾਂ ਵਜੇ ਤਕ ਕੀਰਤਨ ਆਸਾ ਦੀ ਵਾਰ ਗੁਰਦਵਾਰਾ ਬੰਗਲਾ ਸਾਹਿਬ ।

# ਕੀਰਤਨ ਰੈਣ ਸਬਾਈ

22.10.66 ਸ਼ਾਮ ੮ ਬਜੇ ਕੀਰਤਨ ਰੈਣ ਸਬਾਈ ਅਰੰਭ ।

22.10.66 ਸਨਿਚਰਵਾਰ ਦਿਨ ਦੇ ੨ ਬਜੇ ਗੁਰਦਵਾਰਾ ਬੰਗਲਾ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਅਰੰਭ ਹੋਵੇਗਾ ।

ਨੋਟ :—ਹਿੰਦੁਸਤਾਨ ਦੇ ਕੁਲ ਜਥੇ ਦੇ ਸਿੰਘਾਂ ਅਗੇ ਜੋਦੜੀ ਹੈ ਕਿ ਉਪਰੋਕਤ ਸਮਾਗਮ ਦੀਆਂ ਤਾਰੀਖਾਂ ਵਿਚ ਕਿਤੇ ਵੀ ਕੋਈ ਹੋਰ ਸਮਾਗਮ, ਅਖੰਡਪਾਠ ਜਾਂ ਅਨੰਤ ਕਾਰਜ ਆਦਿ ਨਾ ਰਖੇ ਜਾਣ ਤਾਕਿ ਅਸੀਂ ਸਾਰੇ ਇਕਠੇ ਹੋ ਕੇ ਸਚੇ ਪਾਤਸ਼ਾਹ ਦੀ ਗੋਦ ਵਿਚ ਬੈਠ ਕੇ ਕੀਰਤਨ ਕੇ ਲਾਹੇ ਲੈ ਸਕੀਏ ।

ਬਾਹਰੋਂ ਆਈਆਂ ਸੰਗਤਾਂ ਦਾ ਉਤਾਰਾ
ਕੁਆਟਰ ਨੰ: ੫, ਐਲਬਰਟ ਸੁਕੇਅਰ
(ਗੋਲ ਮਾਰਕੀਟ) ਨਿਵੀ ਦਿਲੀ
ਵਿਖੇ ਹੋਵੇਗਾ

ਅਖੰਡ ਕੀਰਤਨੀ ਜੱਥਾ
ਦਿਲੀ



www.AKJ.Org

# ਕੀਰਤਨ ਰੈਣ ਸਬਾਈ

ਪਿੰਡ ਪਨਾਮ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ 8-10-66 ਤੇ 9-10-66 ਦੀ ਵਿਚਕਾਰਲੀ ਰਾਤ ਨੂੰ ਕੀਰਤਨ ਰੈਣ ਸਬਾਈ ਭਾਈ ਦਰਸ਼ਨ ਸਿੰਘ ਜੀ ਦੇ ਗ੍ਰਿਹਿ ਵਿਖੇ ਹੋਵੇਗਾ। ਸੰਗਤਾਂ ਹੁਮ ਹੁਮਾ ਕੇ ਦਰਸ਼ਨ ਦੇਣ ਤੇ ਲਾਭ ਉਠਾਣ ਜੀ।

ਨੋਟ :–੧. ਲੁਦਿਆਣੇ ਤੋਂ ਨਵਾਂ ਸ਼ੈਹਰ ਗੜ੍ਹਸ਼ੰਕਰ ਦੇ ਰਾਹ ਵਿਚ ੩ ਮੀਲ ਤੇ ਬਕਾਪੁਰ ਪਿੰਡ ਉਤਰੋ-ਪੈਦਲ ਇਕ ਮੀਲ।

੨. ਜਲੰਧਰ ਤੋਂ ਨਵਾਂ ਸ਼ੈਹਰ ਅਤੇ ਉਪਰੋਕਤ ਰਸਤਾ ਜਾਂ ਜੇਜੋਂ ਵਾਲੀ ਗਡੀ ਤੇ ਅਲਾ ਚੌਰ ਸਟੇਸ਼ਨ ਅਤੇ ਫਿਰ ਉਪਰੋਕਤ ਨੰ: ੧ ਵਾਲਾ ਰਸਤਾ।

੩. ਹੁਸ਼ਿਆਰਪੁਰੋਂ ਰੋਪੜ ਵਾਲੀ ਬੱਸ ਤੇ ਪਨਾਮ ਦੇ ਭਠੇ ਦਾ ਟਿਕਟ ਲਵੋ।

੪. ਅੰਬਾਲਾ, ਪਟਿਆਲਾ ਚੰਡੀਗੜ੍ਹ ਤੋਂ ਰੋਪੜ ਹੁਸ਼ਿਆਰਪੁਰ ਵਾਲੀ ਬੱਸ ਤੇ ਪਨਾਮ ਦਾ ਟਿਕਟ ਲਵੋ।

ਦਰਸ਼ਨ ਸਿੰਘ
614-R ਮਾਡਲ ਟਾਉਨ
ਲੁਦਿਆਣਾ।

# ਕੀਰਤਨ ਰੈਣਸਬਾਈ

ਪਿੰਡ ਘੱਨੌਗਸ ਜ਼ਿਲ੍ਹਾ ਲੁਦਿਆਣਾ ਵਿਖੇ, ਭਾਈ ਧਰਮ ਸਿੰਘ ਜੀ ਦੇ ਗ੍ਰਿਹਿ ਵਿਖੇ ਕੀਰਤਨ ਰੈਣ ਸਬਾਈ 15-10-1966 ਤੇ 16-10-1966 ਦੀ ਵਿਚਕਾਰਲੀ ਰਾਤ ਨੂੰ ਹੋਵੇਗਾ। ਆਪ ਸੰਗੀ ਸਾਥੀਆਂ ਸਮੇਤ ਦਰਸ਼ਨ ਬਖਸ਼ ਕੇ ਲਾਹੇ ਭੁੰਚੋ।

ਨੋਟ :–ਪਿੰਡ ਘੰਨਗਸ ਸਰਹੰਦ ਨਹਿਰ ਦੀ ਬਠਿੰਡਾ ਬਰਾਂਚ ਦੇ ਛੇਵੇਂ ਮੀਲ ਤੋਂ ਸਿਰਫ ੨ ਫਰਲਾਂਗ ਤੇ ਹੈ। ਗੁਰਦਵਾਰਾ ਸਾਹਿਬ ਰਾੜਾ (ਕਰਮ ਸਰ) ਤੋਂ ਸਿਰਫ ਇਕ ਮੀਲ ਹੈ। ਮੰਡੀ ਐਹਮਦਗੜ੍ਹ ਤੋਂ ਸਰਹੰਦ ਰੋਡ ਦੇ ਅੱਡਾ ਖਾਲਸਾ ਹਾਈ ਸਕੂਲ ਕਰਮਸਰ ਤੋਂ ਸਿਰਫ ਦੋ ਫਰਲਾਂਗ ਹੈ। ਮੰਡੀ ਐਹਮਦ ਗੜ੍ਹ ਤੇ ਸਰਹੰਦ ਤੋਂ ਪੰਜ ਵਜੇ ਸ਼ਾਮ ਤਕ ਬਸਾਂ ਮਿਲਦੀਆਂ ਹਨ।

ਪੁਛ ਗਿਛ ਲਈ :–ਮਾਸਟਰ ਉਜਾਗਰ ਸਿੰਘ ਪਿੰਡ ਫਰਵਾਲੀ, ਜ਼ਿਲਾ ਸੰਗਰੂਰ ਡਾਕਖਾਨਾ ਲੋਟਵਦੀ।



www.AKJ.Org

# ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ

ਇਸ ਟਰੈਕਟ ਨੂੰ ਛਾਪਨ ਦਾ ਵਿਚਾਰ ਹੈ ਇਸ ਟਰੈਕਟ ਦੀਆਂ ੨੦੦ ਕਾਪੀਆਂ ਦੀ ਸੇਵਾ ਭਾ. ਜਸਬੀਰ ਸਿੰਘ ਜੀ ਬੰਬਈ ਨਿਵਾਸੀ ਤੇ ੧੦੦ ਕਾਪੀਆਂ ਦੀ ਸੇਵਾ ਭਾਈ ਜੀਵਨ ਸਿੰਘ ਜੀ ਰਾਗੀ ਲੁਧਿਆਣਾ ਨਿਵਾਸੀ ਲੈਂਦੇ ਹਨ ਇਸ ਟਰੈਕਟ ਦਾ ਖਰਚਾ ਤਿਆਰ ਕਰ ਲਿਆ ਗਿਆ ਹੈ ਤੇ ਛੇਤੀ ਹੀ ਪ੍ਰੈਸ ਵਿਚ ਚਲਾ ਜਾਵੇਗਾ ਸੋ ਕ੍ਰਿਪਾ ਕਰਕੇ ਜਿਨ੍ਹਾਂ ਹੋਰ ਗੁਰਮੁਖ ਪਿਆਰਿਆ ਨੇ ਇਸ ਟਰੈਕਟ ਦੀ ਛਪਾਈ ਦੀ ਸੇਵਾ ਲੈਣੀ ਹੋਵੇ ਉਹ ਛੇਤੀ ਤੋਂ ਛੇਤੀ ਸਾਨੂੰ ਆਪਣੇ ਨਾਮ ਭੇਜ ਦੇਣ ਤਾਂ ਜੋ ਇਹ ਟਰੈਕਟ ਵਧ ਤੋਂ ਵਧ ਛਾਪਿਆ ਜਾ ਸਕੇ ।

ਮੈਨੇਜਰ

## ਰਿਸ਼ਤੇ ਨਾਤੇ

ਸ: ਅਵਤਾਰ ਸਿੰਘ ਜਿਨ੍ਹਾਂ ਦੀ ਉਮਰ ੨੫ ਸਾਲ ਹੈ ਅਤੇ Indian Navy ਵਿਚ ਚੀਫ ਪੈਟੀ ਅਫਸਰ ਹਨ ਅਤੇ ਕੁਲ ਤਨਖਾਹ ੪੦੦ ਰੁਪਏ ਮਿਲਦੀ ਹੈ ਕਦ ੫ ਫੁਟ ੧੦ ਇੰਚ ਹੈ ਲਈ ਰਿਸ਼ਤੇ ਦੀ ਲੋੜ ਹੈ ਬੀਬੀ ਤਿਆਰ ਬਰ ਤਿਆਰ ਚੰਗੀ ਪੜ੍ਹੀ ਲਿਖੀ ਹੋਵੇ । ਬਾਕੀ ਗਲ ਬਾਤ ਹੇਠ ਲਿਖੇ ਪਤੇ ਤੇ ਕਰੋ ।

S. AVTAR SINGH GILL, C.P.O's Mess, I.N.S, ANGRE MINT ROAD BOMBAY—1

## ਨਾਮ ਦਾ ਦਾਤਾ ਤੇ ਸਿਮਰਨ ਦਾ ਦਾਤਾ ਸਤਿਗੁਰੂ

ਲਿਖਤ-ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਏਹ ਪੁਸਤਕ ਨਵੀਂ, ਪਹਿਲੀ ਵਾਰ ਹੀ ਛਪੀ ਹੈ ਤੇ ਇਸ ਪੁਸਤਕ ਵਿਚ ਭਾਈ ਸਾਹਿਬ ਜੀ ਨੇ ਬੜੇ ਸੁਚਜੇ ਢੰਗ ਨਾਲ ਸਾਬਤ ਕੀਤਾ ਹੈ ਕਿ ਨਾਮ ਦਾ ਦਾਤਾ ਤੇ ਸਿਮਰਨ ਦਾ ਦਾਤਾ ਸਿਰਫ ਸਤਿਗੁਰੂ ਹੀ ਹੈ । ਏਹ ਪੁਸਤਕ ਸਾਡੇ ਪਾਸ ਪੁਜਚੁਕੀ ਹੈ ਜੇ ਕਿਸੇ ਗੁਰਮੁਖ ਪਿਆਰੇ ਨੇ ਮੰਗਵਾਣੀ ਹੋਵੇ ਤਾਂ ਅਜ ਹੀ ਇਕ ਖੱਤ ਲਿਖ ਕੇ ਮੰਗਵਾ ਸਕਦੇ ਹੋ ਭੇਟਾ ੦—੭੫ ਨਵੇ ਪੈਸੇ ਡਾਕ ਖਰਚ ਵਖਰਾ ।

ਭਾਈ ਸਾਹਿਬ ਜੀ ਦੀ ਏਹ ਤੇ ਹੋਰ ਪੁਸਤਕਾਂ ਮੰਗਵਾਨ ਦਾ ਪਤਾ ।

ਅਖੰਡ ਕੀਰਤਨੀ ਜੱਥਾ ੫੯੪/੩
ਖਾਲਸਾ ਮਹਲਾ ਪਟਿਆਲਾ



www.AKJ.Org

# ਸਿਮਰਨ ਦਾਤਾ ਸਤਿਗੁਰੂ

(ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

"ਜਿਹ ਸਿਮਰਨ ਤੇਰੀ ਜਾਇ ਬਲਾਇ ॥
ਜਿਹ ਸਿਮਰ ਤੁਝੁ ਪੋਹੈ ਨ ਮਾਇ ॥
ਸਿਮਰ ਸਿਮਰਨ ਹਰਿ ਹਰਿ ਮਨਿ ਗਾਈਐ ।
ਇਹੁ ਸਿਮਰਨੁ ਸਤਿਗੁਰ ਤੇ ਪਾਈਐ ॥੬॥
ਸਦਾ ਸਦਾ ਸਿਮਰਿ ਦਿਨੁ ਰਾਤਿ ॥
ਊਠਤ ਬੈਠਤ ਸਾਸਿ ਗਿਰਾਸਿ ॥
ਜਾਗੁ ਸੋਇ ਸਿਮਰਨ ਰਸ ਭੋਗ ॥
ਹਰਿ ਸਿਮਰਨੁ ਪਾਈਐ ਸੰਜੋਗ ॥੭॥

ਇਹ ਉਪਰਲਾ ਗੁਰਵਾਕ ਸਪਸ਼ਟ ਨਿਰਣੇ ਕਰਾਉਂਦਾ ਹੈ ਕਿ ਜਿਸ ਸਿਮਰਨ ਤੋਂ ਸਿਮਰਨ ਹਾਰੇ ਦੀ ਆਧਿ ਬਿਆਧਿ ਉਪਾਧਿ ਰੂਪੀ ਸਭ ਅਲਾ ਬਲਾ ਦੂਰ ਹੁੰਦੀ ਹੈ, ਜਿਸ ਸਿਮਰਨ ਤੋਂ ਸਿਮਰਨ ਹਾਰੇ ਨਾਮ ਅਭਿਆਸੀ ਨੂੰ ਮਾਇਆ ਮਮਤਾ ਦਾ ਤ੍ਰੈ ਗੁਣੀ ਆਲ ਜਾਲ ਜੰਜਾਲ ਨਹੀਂ ਪੋਹਿ ਸਕਦਾ, ਜਿਸ ਸਿਮਰਨ ਨੂੰ ਸਦਾ ਸਿਮਰੀ ਜਾਣਾ ਹੁਕਮ ਹੈ, ਜਿਸ ਨਾਮ ਸਿਮਰਨ ਦੀ ਜਸ ਕੀਰਤੀ ਨੂੰ ਸਦਾ ਗਾਈ ਜਾਣ ਦਾ ਉਪਦੇਸ਼ ਹੈ, ਸੋ ਐਸਾ ਹਰਿ ਸਿਮਰਨ ਕੇਵਲ ਸਤਿਗੁਰੂ ਤੋਂ ਹੀ ਪਾਇਆ ਜਾ ਸਕਦਾ ਹੈ। ਇਸ ਸਿਮਰਨ ਨੂੰ ਅਰਥਾਤ ਗੁਰਮਤਿ ਨਾਮ ਦੇ ਸਿਮਰਨ ਨੂੰ ਕੇਵਲ ਸਤਿਗੁਰੂ ਤੋਂ ਪਾ ਕੇ ਹੀ "ਸਦਾ ਸਦਾ ਸਿਮਰਿ ਦਿਨੁ ਰਾਤਿ ॥" "ਊਠਤ ਬੈਠਤ ਸਾਸਿ ਗਿਰਾਸਿ ॥" ਸਿਮਰਿਆ ਜਾ ਸਕਦਾ ਹੈ। ਐਵੇਂ ਨਹੀਂ, ਐਵੇਂ ਕਦਾਚਿਤ ਨਹੀਂ। ਕੇਵਲ ਸਤਿਗੁਰੂ ਤੋਂ ਗੁਰਮੰਤ੍ਰ ਪ੍ਰਾਪਤ ਕਰਕੇ ਇਸ ਸਿਮਰਨ ਦਾ ਜਾਗਦਿਆਂ ਅਤੇ ਸੁਤਿਆਂ ਪਿਆਂ ਹੀ ਰਸ ਭੋਗ ਸਕੀਦਾ ਹੈ। ਪਰ ਐਸਾ ਸਿਮਰਨ ਸਤਿਗੁਰੂ ਮਿਲਾਪ ਮਈ ਸੰਜੋਗਾਂ ਨਾਲ ਹੀ ਪ੍ਰਾਪਤ ਹੁੰਦਾ ਹੈ ਉਪਰਲੇ ਗੁਰਵਾਕ ਦੇ ਭਾਵ ਤੋਂ ਸਾਫ ਸਿੱਧ ਹੋਇਆ ਕਿ ਸਿਮਰਨ ਦਾ ਦਾਤਾ ਸਤਿਗੁਰੂ ਹੈ ਅਤੇ ਸਤਿਗੁਰੂ ਬਾਝੋਂ ਨਾਮ ਗੁਰਮੰਤਰ ਕੋਈ ਨਹੀਂ ਦੇ ਅਤੇ ਦ੍ਰਿੜ੍ਹਾ ਸਕਦਾ, ਨਾ ਕਿਸੇ ਨੂੰ ਸਤਿਗੁਰੂ ਤੋਂ ਬਿਨਾਂ ਸਿਮਰਨ ਦੀ ਦਾਤ ਪ੍ਰਾਪਤ ਹੋ ਸਕਦੀ ਹੈ, ਪਰ ਦੇਖਣ ਵਿਚ ਆਉਂਦਾ ਹੈ ਕਿ ਸਿਮਰਨ ਦਾਤਿਆਂ ਦੀਆਂ ਸੰਪ੍ਰਦਾਵਾਂ ਐਨੀਆਂ ਚਲ ਪਈਆਂ ਹਨ ਕਿ ਐਨੇ ਸਿਮਰਨ ਦੀ ਦਾਤ ਲੈਣ ਦੇ ਅਧਿਕਾਰੀ ਨਹੀਂ ਜਿਤਨੇ ਕਿ ਦੇਣ ਦੇ ਦਾਵੇਦਾਰ ਸਿਮਰਨ ਦਾਤਾਰੀ ਬਣੇ ਫਿਰਦੇ ਹਨ। ਇਹਨਾਂ ਹੋਛੇ ਹੰਨੇ ਸਿਮਰਨ ਦਾਤ ਦੇ ਮੀਰ ਸ਼ਿਕਾਰੀਆਂ ਨੇ ਸਿਮਰਨ ਨੂੰ ਭੇਡ ਭਾ ਲੁਟਾਉਣ ਦੀ ਅੰਨ੍ਹੀ ਮਚਾਈ ਹੈ। ਹਰ ਇਕ ਇਕੱਲਾ ਇਕੱਲਾ ਹੀ ਜਿਸ ਨੂੰ ਚਾਹੇ ਨਾਮ ਗੁਰਮੰਤਰ ਦੇਣ ਦਾ ਅਤੇ ਸਿਮਰਨ ਸਿਖਾਉਣ ਦਾ ਦਾਵੇਦਾਰ ਹੈ। ਜਦ ਕਿ ਸਿਮਰਨ ਦਾ ਦਾਤਾ ਸਿਰਫ ਸਤਿਗੁਰੂ ਹੀ ਹੈ, ਤਾਂ ਇਹਨਾਂ ਦਾ ਕੀ ਹੱਕ ਹੈ ਕਿ ਸਿਮਰਨ ਦੇਣ ਦਿਲਾਉਣ ਦੀ ਖੁਲ੍ਹ ਖੇਡ ਦੇ ਪਰਪੰਚ ਅਖਾੜੇ ਰਚਦੇ ਫਿਰਨ ਕੀ ਇਹ ਸਿਮਰਨ ਦੀ ਦਾਤ ਨੂੰ ਅਤੇ ਸਿਮਰਨ-ਦਾਤਾ ਸਤਿਗੁਰੂ ਦੀ ਦਾਤਿ ਸਿਫ਼ਾਤੀ-ਜ਼ਾਤ ਨੂੰ ਹਾਸੋ ਹੀਣ ਅਤੇ ਬਦਨਾਮ ਕਰਨ ਵਾਲੀ ਬੀਮਾਰੀ ਨਹੀ ? ਜਣਾ ਖਣਾ ਉਠ ਕੇ ਨਾਮ ਦਾ ਦਾਤਾ ਬਣਿਆ ਫਿਰਦਾ ਹੈ ਅਤੇ ਹਰ ਇਕ ਅਣ-ਅਧਕਾਰੀਆਂ ਅਤੇ ਅਣ-ਗਾਹਕਾਂ ਦੇ ਕੰਨਾਂ ਵਿਚ ਮਨਮੰਨੀਆਂ ਸਿਮਰਨ ਫੂਕਾਂ ਮਾਰਦਾ ਫਿਰਦਾ ਹੈ।

ਅਸੀਂ ਅਨੇਕਾਂ ਦੀਪ-ਮਾਲਾ ਦੇ ਸਮਾਗਮਾਂ ਸਮੇਂ ਸ੍ਰੀ ਅੰਮ੍ਰਿਤਸਰ ਜੀ ਦੀ ਯਾਤ੍ਰਾ ਨੂੰ ਆਉਣ


www.AKJ.Org

ਜਾਣ ਵਾਲੇ ਯਾਤਰੂਆਂ ਅਤੇ ਮਹਿਜ਼ ਮੇਲਾ ਵੇਖਣ ਵਾਲੇ ਤਮਾਸ਼ਬੀਨੋਂ ਦੀਆਂ ਭਰੀਆਂ ਭਕੂੰਨੀਆਂ ਰੇਲਵੇ ਟਰੇਨਾਂ ਦੇ ਡੱਬਿਆਂ ਵਿਚ ਕਈ ਭੇਖੀਆਂ ਨੂੰ ਮਲੋਜ਼ੋਰੀ ਲੋਕਾਂ ਦੇ ਕੰਨਾਂ ਵਿਚ ਨਾਮ ਸਿਮਰਨ ਦੀਆਂ ਫੂਕਾਂ ਮਾਰਦੇ ਆਪਣੇ ਅਖੀਂ ਡਿੱਠਾ ਹੈ। ਜੇਹਲ-ਯਾਤਰਾ ਤੋਂ ਪਹਿਲਾਂ ਤਾਂ ਸਾਨੂੰ ਦੋ ਚਾਰ ਅਜਿਹੇ ਮੌਕੇ ਖਾਸ ਤੌਰ ਤੇ ਯਾਦ ਹਨ ਕਿ ਹਿੰਦੂ ਮੁਸਲਮਾਨਾਂ ਦੇ ਭਰੇ ਹੋਏ ਡਬਿਆਂ ਵਿਚ ਪੰਜ, ਪੰਜ, ਛੇ, ਛੇ ਨਾਮ ਦਾਤਾਰੀ ਵੜ ਜਾਂਦੇ ਸਨ ਤੇ ਵੜਨਸਾਰ ਹਰ ਇਕ ਮੁਸਾਫਰ ਨੂੰ ਸਿਰਫ ਇਤਨੀ ਗੱਲ ਪੁਛਦੇ ਸਨ ਕਿ ਤੂੰ ਹਿੰਦੂ ਹੈਂ ਯਾ ਮੁਸਲਮਾਨ। ਜੇ ਉਹ ਕਹਿ ਦੇਵੇ ਕਿ ਮੈਂ ਹਿੰਦੂ ਹਾਂ, ਬੱਸ ਮੱਲੋ ਮਲੀ ਉਸ ਦੇ ਕੰਨਾਂ ਨੂੰ ਚਿੰਮੜ ਜਾਂਦੇ। ਅਧਿਕਾਰੀ ਅਨ-ਅਧਿਕਾਰੀ ਤਾਂ ਕੀ ਵੇਖਣਾ ਸੀ, ਬੇਸ਼ਕ ਨਜ਼ੀ ਮਾਰ ਹੀ ਹੋਵੇ, ਤੜੱਕ ਨਾਮ ਦੇਣ ਲਈ ਉਸ ਦੇ ਉਦਾਲੇ ਹੋ ਜਾਂਦੇ। "ਮਾਨ ਨਾ ਮਾਨ ਮੈਂ ਤੇਰਾ ਮਹਿਮਾਨ।" ਦੀ ਕਹਾਵਤ ਅਨੁਸਾਰ ਗੱਡੀ ਵਿਚ ਬੈਠੇ ਸਭਨਾਂ ਨੂੰ ਨਾਮ (ਗੁਰਮੰਤ੍ਰ) ਦੇ ਹੀ ਦਿੰਦੇ ਤੇ ਨਾਲ ਇਕ ਇਕ ਉੱਨਦੀ ਮਾਲਾ ਭੀ ਦਿੰਦੇ ਤੇ ਇਸ ਬਿਧ ਇਕ ਇਕਗੱਡੀ (ਡੱਬੇ) ਵਿਚ ਬੈਠੇ ਪੰਜ, ਪੰਜ,ਛੇ, ਛੇ ਇਹ ਗੁਰਮੰਤਰ ਵੰਡਣ ਵਾਲੇ ਵੱਖੋ ਵੱਖ ਆਪਣੇ ਨਾਮ ਲੇਵੇ ਚਾਟੜਿਆਂ ਦੀਆਂ ਫਹਿਰਿਸਤਾਂ ਤਿਆਰ ਕਰਦੇ। ਕੀ ਉਨ੍ਹਾਂ ਦੀਆਂ ਇਹ ਕਾਰਵਾਈਆਂ "ਵਿਣੁ ਗਾਹਕ ਗੁਣੁ ਵੇਚੀਐ ਤਉ ਗੁਣੁ ਸਹਘੋ ਜਾਇ।" ਗੁਰਵਾਕ ਦੇ ਭਾਵ ਅਨੁਸਾਰ ਘੋਰ ਮਨਮੱਤਾਂ ਨਹੀਂ ਤਾਂ ਹੋਰ ਕੀ ਹਨ ?

ਕੀ ਇਹ ਘੋਰ ਗੁਬਾਰੀ ਗੁਰੂ ਡੰਮ੍ਹ ਵਾਲੀ ਬੀਮਾਰੀ ਨਹੀਂ ਜੋ ਖਾਸ ਕਰ ਸਿਖ ਅਖਵਾਉਣ ਵਾਲੇ ਇਕ ਹਿੱਸੇ ਵਿਚ ਪ੍ਰਵਿਰਤ ਹੋ ਗਈ ਹੈ ? ਇਹ ਲੋਕ ਅਸਾਡੇ ਪੰਥ ਦੇ ਬਜ਼ੁਰਗ, ਕਰਨੀ ਕਮਾਲ ਜਮਾਲ ਸ੍ਰੀ ਬਾਬਾ ਰਾਮ ਸਿੰਘ ਜੀ ਦੇ ਕਮਾਏ ਗੁਰਸਿੱਖੀ ਦੇ ਕਮਾਲ ਦੇ ਨਾਮ ਅਭਿਆਸ ਦੇ ਪੂਰਨਿਆਂ ਨੂੰ ਲਾਜ ਲੋਉਣ ਕਰ ਰਹੇ ਹਨ। ਜਿਨ੍ਹਾਂ ਸੱਜਣਾਂ ਨੇ ਸ੍ਰੀ ਬਾਬਾ ਰਾਮ ਸਿੰਘ ਜੀ ਦੇ ਨਿਕਟਵਰਤੀ ਹੋਣ ਦਾ ਮਾਨ ਪ੍ਰਾਪਤ ਕੀਤਾ ਹੈ, ਉਹਨਾਂ ਨੇ ਆਪਣੀ ਜ਼ਬਾਨੀ ਇਹ ਗੱਲਾਂ ਅਸਾਨੂੰ ਦੱਸੀਆਂ ਹਨ ਕਿ ਸ੍ਰੀ ਬਾਬਾ ਰਾਮ ਸਿੰਘ ਜੀ ਨੇ ਕਦੇ ਭੀ ਆਪਣੀ ਜ਼ਿੰਦਗੀ ਵਿਚ ਨਾ ਹੀ ਇਕੱਲਿਆਂ ਕਿਸੇ ਨੂੰ ਅੰਮ੍ਰਿਤ ਛਕਾਇਆ ਅਤੇ ਨਾ ਹੀ ਕਿਸੇ ਨੂੰ ਇਕੱਲਿਆਂ ਨਾਮ ਦਿਤਾ। ਹਮੇਸ਼ਾਂ ਅੰਮ੍ਰਿਤ ਛਕਾਉਣ ਦੇ ਮਹਾਂ ਕਾਰਜ ਲਈ ਪੰਜਾਂ ਪਿਆਰਿਆਂ ਦੀ ਸ਼ਮੂਲੀਅਤ ਵਿਚ ਸ਼ਾਮਲ ਹੁੰਦੇ ਰਹੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਉਹਨਾਂ ਦੇ ਵਕਤ ਵਿਚ ਪੰਜ ਪਿਆਰੇ ਹੀ ਨਾਮ (ਗੁਰਮੰਤ੍ਰ) ਦੇਂਦੇ ਰਹੇ। ਚਾਹੇ ਸ੍ਰੀ ਬਾਬਾ ਜੀ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋਣ, ਭਾਵੇਂ ਨਾ ਹੋਣ।

ਸ੍ਰੀ ਬਾਬਾ ਜੀ ਨੇ ਕਦੇ ਆਪਣੇ ਆਪ ਨੂੰ ਗੁਰੂ ਨਹੀਂ ਸਦਵਾਇਆ। ਉਹ ਸੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਇਸ਼ਟ ਗੁਰੂ ਮੰਨਦੇ ਸਨ ਅਤੇ ਜਗਿਆਸੂਆਂ ਨੂੰ ਮਨਾਉਂਦੇ ਸਨ। ਅਜ 'ਸਤਿਜੁਗੀ' ਫਰਿਸ਼ਤੇ ਇਸ ਬੀਮਾਰੀ ਦਾ ਨਾਉਂ ਸੁਣ ਕੇ ਤ੍ਰਭਕ ਉਠੇ ਹਨ। ਬੀਮਾਰੀ ਦਸਣ ਵਾਲਿਆਂ ਨੂੰ, ਬੀਮਾਰੀ ਦੀ ਸੂੰਹ ਲਾਉਣ ਵਾਲਿਆਂ ਨੂੰ ਮਨਮਤੀਏ ਦਸਦੇ ਹਨ। ਬੀਮਾਰੀ ਪਾਉਣ ਵਾਲਿਆਂ ਨੂੰ ਮਨਮਤੀਏ ਮੰਨਣੋਂ ਸੰਕੋਚਦੇ ਹਨ। "ਇਹ ਸਿਮਰਨੁ ਸਤਿਗੁਰ ਤੇ ਪਾਈਐ॥" ਦੇ ਗੁਰਵਾਕ ਦੀ ਪੰਗਤੀ ਦੀ ਕਸੌਟੀ ਅਨੁਸਾਰ ਗੁਰਮਤਿ ਮਹਿਮਾ-ਮਈ ਸਿਮਰਨ ਦਾ ਦਾਤਾ ਕੇਵਲ ਸਤਿਗੁਰੂ ਹੀ ਹੋ ਸਕਦਾ ਹੈ। ਕੀ ਇਹ ਅਜ ਕਲ੍ਹ ਦੇ ਨਾਮ ਦੇਣ ਵਾਲੇ ਸਾਰੇ ਦੇ ਸਾਰੇ ਹੀ ਸਤਿਗੁਰੂ ਹਨ ? ਜਿਸ ਕਿਸੇ ਇਕੱਲੇ ਸਿਖ ਨੇ ਖੁਦ ਨਾਮ ਦੇਣ ਦੀ ਹਮਾਕਤ ਕੀਤੀ, ਉਸ ਨੇ ਮਾਨੋ ਗੁਰੂ ਬਣਨ ਦੀ ਹਮਾਕਤ ਭੀ ਕੀਤੀ। ਬਸ ਇਸ ਤਰਾਂ ਹੀ ਗੁਰੂ ਡੰਮ੍ਹ ਦੀ ਬੀਮਾਰੀ



www.AKJ.Org

ਫੈਲੀ ਅਤੇ ਮਹਾਂ ਮਨਮਤ ਪ੍ਰਕਾਸ਼ਕ ਹੋਈ। ਨਾਮ ਗੁਰਮੰਤ੍ਰ ਦਾ ਦਾਤਾ, ਸਿਮਰਨ ਦਾ ਦਾਤਾ ਹੈ ਤਾਂ ਸਿਰਫ ਸਤਿਗੁਰੂ ਹੀ ਹੈ। ਇਕੋ ਕੋਈ ਇਕ ਇਕੇਲਾ ਸਿਖ ਕਦੇ ਭੀ ਨਾਮ ਦਾ ਦਾਤਾ ਨਹੀਂ ਹੋ ਸਕਦਾ, ਭਾਵੇਂ ਕਿਤਨੀ ਕਰਨੀ ਵਾਲਾ ਕਿਉਂ ਨਾ ਹੋਵੇ। ਕਰਨੀ ਵਾਲੇ ਪੰਜ ਸਿੰਘਾਂ ਦਾ ਪੁੰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਹੀ ਸ੍ਰੀ ਗੁਰੂ ਦਸ਼ਮੇਸ਼ ਜੀ ਦੇ ਪ੍ਰਪਕ ਪ੍ਰਚਲਤ ਕੀਤੇ ਅਸੂਲ ਮਰਯਾਦਾ ਅਨੁਸਾਰ ਅੰਮ੍ਰਿਤ ਛਕਾ ਸਕਦਾ ਹੈ ਅਤੇ ਇਸ ਅੰਮ੍ਰਿਤ ਪ੍ਰਚਾਰ ਦੇ ਸਮੇਂ ਨਾਮ ਦੀ ਦਾਤ ਅਧਿਕਾਰੀ ਜਨਾਂ ਨੂੰ ਦੇ ਸਕਦਾ ਹੈ। ਇਸ ਤੋਂ ਉਲਟ ਜੋ ਕੋਈ ਕਰਦਾ ਹੈ ਸੋ ਮਨਮਤ ਤੇ ਮਹਾਂ ਮਨਮਤ ਕਰਦਾ ਹੈ।

## ਸਤਿਗੁਰੂ ਇੱਕ ਹੈ -ਸੱਤਿਪੁਰਖ ਦਾ ਜਾਣਨਾ ਕੀ ਹੈ ?

ਸਿਮਰਨ ਦਾ ਦਾਤਾ ਕੇਵਲ ਸਤਿਗੁਰੂ ਹੀ ਹੋ ਸਕਦਾ ਹੈ ਅਤੇ ਸਤਿਗੁਰੂ ਇਕ ਹੈ ਅਨੇਕ ਨਹੀਂ। ਸਤਿਗੁਰੂ ਦਾ ਮੁਰਾਤਬਾ "ਵਡੀ ਹੂੰ ਵਡੀ ਹੂੰ ਵਡਾ ਅਪਾਰ" ਹੈ, ਸਭ ਦੂੰ ਵਡਾ ਹੈ, ਗੁਰੂ ਪਦ ਸਤਿ ਹੈ, ਤਾਹੀਂ ਤੇ ਇਸ ਗੁਰੂ ਸਚੁ ਪਦਨੂੰ "ਸਤਿ ਗੁਰੂ" ਕਰਕੇ ਗੁਰਬਾਣੀ ਅੰਦਰ ਵਰਨਿਆ ਹੈ। ਸਭ ਤੋਂ ਵਡਾ ਸ੍ਰੇਸ਼ਟ ਅਤੇ ਪਦ ਹੈ ਸਤਿਗੁਰੂ ਦਾ ਪਰ ਇਹ ਮਿਲਦਾ ਤਿਸਨੂੰ ਹੈ ਜਿਸ ਨੂੰ ਆਪ ਵਾਹਿਗੁਰੂ ਟਿੱਕੇ (ਥਾਪੇ) ਯਾ ਜਿਸ ਨੂੰ ਵਾਹਿਗੁਰੂ ਅਕਾਲ ਪੁਰਖ ਦਾ ਥਾਪਿਆ (ਟਿਕਿਆ) ਸਤਿਗੁਰੂ ਹੀ ਆਪਿ ਥਾਪੇ (ਟਿਕੇ) ਐਸੇ ਸਤਿਗੁਰੂ ਦਾ ਸਦਾ ਹੀ ਸਚ ਪਦ ਸਚੇ ਅਕਾਲ ਪੁਰਖ ਵਿਖੇ ਹੀ ਧਿਆਨ ਇਕ ਟਕ ਟਿਕਿਆ ਰਹਿੰਦਾ ਹੈ ਇਕ ਨਿਮਖ ਭੀ ਧੇਯ (ਅਕਾਲ ਪੁਰਖ) ਅਤੇ ਧਿਆਤਾ (ਸਤਿਗੁਰੂ) ਵਿਖੇ ਧਿਆਨ ਕਰਕੇ ਅਡਰਾ ਨਹੀਂ ਰਹਿੰਦਾ। ਜੋਤਿ ਕਰਕੇ ਗੁਰੂ ਤੇ ਅਕਾਲ ਪੁਰਖ ਵਿਖੇ ਰੰਚਕ ਮਾਤਰ ਭੀ ਭੇਦ ਨਹੀਂ। ਐਸਾ ਸਤਿਗੁਰੂ, ਗੁਰੂ ਅਕਾਲ ਪੁਰਖ ਵਲੋਂ ਇਕੋ ਗੁਰੂ ਨਾਨਕ ਨਾਮ ਕਰਕੇ ਹੀ ਕਲੀ ਕਾਲ ਵਿਖੇ ਪ੍ਰਗਟ ਹੋਇਆ। ਗੁਰੂ ਇਕ ਨਾ ਅਨਿਕ ਬਸ ਕੇਵਲ ਨਾਨਕ ਹੀ ਇਕੋ ਗੁਰੂ ਰੂਪ ਸਤਿਗੁਰੂ ਧੁਰ ਦਰਗਾਹੋਂ ਥਾਪਿਆ ਗਿਆ ਇਕੋ ਸਮੇਂ ਵਿਖੇ, ਇਕੋ ਗੁਰੂ ਹੀ ਸਥਾਪਨ ਰਿਹਾ ਨ ਕਿ ਅਨੇਕ ਗੁਰੂ ਬਣ ਬੈਠੇ। ਗੁਰੂ ਨਾਨਕ ਸਾਹਿਬ ਦੀ ਇਕੋ ਗੁਰੂ ਜੋਤ ਹੀ ਦਸਾਂ ਜਾਮਿਆਂ ਵਿਖੇ ਹਲੂਲ ਕਰਦੀ ਰਹੀ।

"ਜੋਤਿ ਓਹਾ ਜੁਗਤਿ ਸਾਇ॥ ਸਹਿ ਕਾਇਆ ਫੇਰਿ ਪਲਟੀਐ।"

ਅਤੇ ਇਕੋ ਸਮੇਂ ਵਿਖੇ ਇਹ ਸਤਿਗੁਰੂ ਦੇ ਸੀਸ ਤੇ ਨਿਰੰਜਨੀ ਛਤਰ ਗੁਰਿਆਈ ਦਾ ਝੁਲਦਾ ਰਿਹਾ ਅਤੇ ਗੁਰਿਆਈ ਦੇ ਤਖਤ ਨੂੰ ਮਲ ਬਠਨਹਾਰਾ, ਅਰਥਾਤ ਸੁਸ਼ੋਭਤ ਕਰਨ ਹਾਰਾ ਇਲਾਹੀ ਹੁਕਮ ਅਨੁਸਾਰ ਇਕੋ ਸਮੇਂ ਵਿਖੇ ਇਕੋ ਸਤਿਗੁਰੂ ਹੀ ਸਥਾਪਿਤ ਰਹਿਆ। ਯਥਾ ਗੁਰਵਾਕ :–

ਝੁਲੈ ਸੁ ਛਤ ਨਿਰੰਜਨੀ ਮਲਿ ਤਖਤ ਬੈਠਾ ਗੁਰ ਹਟੀਐ। ਅਤੇ ਇਕੋ ਗੁਰੂ ਹਟ ਤੋਂ ਹੀ ਗੁਰ ਸਿਖਾਂ ਦੇ ਖਾਣ, ਖਰਚਣ ਤੇ ਖਟਣ ਲਈ ਗੁਰ ਸ਼ਬਦ ਦਾ ਅਤੁਟ ਲੰਗਰ ਚਲਦਾ ਰਿਹਾ।

ਯਥਾ ਗੁਰਵਾਕ :–ਲੰਗਰੁ ਚਲੈ ਗੁਰ ਸ਼ਬਦਿ ਹਰਿ ਤੋਟਿ ਨ ਆਵੀ ਖਟੀਐ॥ ਹਾਂ ਜੀ ! ਗੁਰਸ਼ਬਦ ਸਿਮਰਨ ਰੂਪੀ ਹਟ ਚਲਾਉਣ ਹਾਰਾ, ਸਿਮਰਨ ਦੀਆਂ ਦਾਤਾਂ ਦੇਵਣ ਹਾਰਾ, ਗੁਰਿਆਈ ਦੇ ਤਖਤ ਚਵਰ ਦਾ ਅਧਿਕਾਰੀ ਗੁਰੂ ਸਤਿਗੁਰੂ ਇਕੋ ਸਮੇਂ ਵਿਖੇ ਇਕੋ ਹੀ ਹੋ ਸਕਦਾ ਹੈ। ਜੈਸੇ ਕਿ ਉਪਰਲੇ ਗੁਰ ਪ੍ਰਮਾਣਾਂ ਦੀ ਅਥਾਰਿਟੀ ਹੈ। ਐਸਾ ਸਚ ਸਚਾ ਸਭ ਦੂ ਵਡਾ ਗੁਰੂ, ਸਤਿਗੁਰੂ ਪਦ, ਇਕ ਨੂੰ ਮਿਲ ਸਕਦਾ ਹੈ ਅਤੇ ਉਸ ਨੂੰ ਮਿਲ ਸਕਦਾ ਹੈ



www.AKJ.Org

ਜਿਸ ਨੂੰ ਕਿ ਸਤਿਗੁਰੂ ਟਿਕੇ ਅਤੇ ਜਿਸਦਾ ਜੋਤਿ ਸਰੂਪੀ ਲਿਵ ਧਿਆਨ ਧੇਯ ਵਿਖੇ ਇਕ ਮਿੱਕ ਹੋਵੇ।

ਯਥਾ—ਸਚੁ ਸਚਾ ਸਭ ਦੂ ਵੱਡਾ ਹੈ,
ਸੋ ਲਏ ਜਿਸੁ ਸਤਿਗੁਰੁ ਟਿਕੇ।
ਸੋ ਸਤਿਗੁਰੁ ਜਿ ਸਚੁ ਧਿਆਇਦਾ,
ਸਚੁ ਸਚਾ ਸਤਿਗੁਰੁ ਇਕੇ।
ਸੋਈ ਸਤਿਗੁਰੁ ਪੁਰਖੁ ਹੈ,
ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ ॥

(ਚਲਦਾ)

(ਪਨਾਂ ੧੭ ਕੀ ਬਾਕੀ)

ਸੁਰਸੁਰੀ ਮਿਲਤ ਪਵਿਤਰ ਪਾਵਨੁ ਹੋਇ ਜਾਵੈ
ਏਹ ਵਡਿਆਈ ਸਤਿਗੁਰ ਨਿਰਵੈਰ ਵਿਚਿ
ਜਿਤੁ ਮਿਲਿਐ ਤਿਸਨਾ ਭੁਖ ਉਤਰੈ
ਹਰਿ ਸਾਂਤਿ ਤੜ ਆਵੈ।
ਨਾਨਕ ਇਹੁ ਅਚਰਜੁ ਦੇਖਹੁ,
ਮੇਰੇ ਹਰਿ ਸਚੇ ਸਾਹ ਕਾ,
ਜਿ ਸਤਿਗੁਰੂ ਨੋ ਮੰਨੇ ਸੁ ਸਭਨਾਂ ਭਾਵੈ।

"ਸੰਤ ਕੀ ਨਿੰਦਾ ਦੋਖ ਮਹਿ ਦੋਖ
ਨਾਨਕ ਸੰਤ ਭਾਵੈ ਤਾਂ ਉਸਕਾ
ਭੀ ਹੋਇ ਮੋਖੁ" (ਸੁਖਮਨੀ)

"ਸੰਤ ਕ੍ਰਿਪਾਲ ਕ੍ਰਿਪਾ ਜੋ ਕਰੈ।
ਨਾਨਕ ਸੰਤ ਸੰਗ ਨਿੰਦਕੁ ਭੀ ਤਰੈ।
(ਸੁਖਮਨੀ)

ਸਤਿਗੁਰੂ ਆਪਣੇ ਗੁਰਸਿਖਾਂ, ਪਿਆਰਿਆਂ ਤੇ ਨਾਮ-ਜਪਣ ਹਾਰੇ ਗੁਰਸਿੰਖਾਂ ਨੂੰ ਬਿਨਾ ਜਾਤ-ਪਾਤ ਵਿਤਕਰੇ, ਭੇਦ—ਭਾਵ ਤੋਂ ਲੋਕ ਸੁਖੀ ਪਰਲੋਕ ਸੁਹੇਲੇ ਕਰ ਆਪ ਤਰਦਾ ਤੇ ਕੁਟੰਬ, ਸਾਥੀ ਤੇ ਮਿੱਤਰ ਆਦਿ ਤਾਰ ਲੈਂਦਾ ਹੈ। ਯਥਾ ਗੁਰਵਾਕ :—

ਗੁਰ ਕੇ ਸੇਵਕ ਸਤਿਗੁਰੂ ਪਿਆਰੇ,
ਓਇ ਬੈਸਹਿ ਤਖਤਿ ਸੁ ਸਬਦੁ ਵੀਚਾਰੇ।
ਤਤੁ ਲਹਹਿ ਅੰਤਰ ਗਤਿ ਜਾਣਹਿ,
ਸਤ ਸੰਗਤਿ ਸਾਚੁ ਵਡਾਈ ਹੇ ॥"
(ਮਾਰੂ ਸੋਲਹੇ ਮ: ੧)

'ਆਪਿ ਤਰੈ ਜਨੁ ਪਿਤਰਾ ਤਾਰੈ।
ਸੰਗਤਿ ਮੁਕਤਿ ਸੁ ਪਾਰਿ ਉਤਾਰੇ।
ਨਾਨਕੁ ਤਿਸਕਾ ਲਾਲਾ ਗੋਲਾ,
ਜਿਨਿ ਗੁਰਮੁਖਿ ਹਰਿ ਲਿਵਲਾਈ ਹੇ।
(ਮਾਰੂ ਮ: ੧ ਸੋਲਹੇ)

## ਸੰਤ ਕਾ ਨਿੰਦਕ, ਗੁਰਬਾਣੀ ਅਨੁਸਾਰ ਸਤਿਗੁਰੂ-ਸੰਤ ਜਾਂ ਮਰਜੀਵੜੇ ਪੰਜ ਪਿਆਰਿਆਂ ਤੋਂ ਸਿਵਾਏ ਹੋਰ ਕਿਤੇ ਵੀ ਬਖਸ਼ਿਆ ਨਹੀਂ ਜਾ ਸਕਦਾ

ਤੇ ਉਹ ਵੀ ਤਾਂ, ਜੇ ਸੰਤ-ਸਤਿਗੁਰੂ ਮਿਹਰ ਦੀ ਦ੍ਰਿਸ਼ਟੀ ਕਰੇ ਅਰਥਾਤ ਆਪਣੇ ਚਰਨਾਂ ਦਾ ਆਸਰਾ ਆਪ ਬਖਸ਼ੇ। ਇਹ ਕਿਸੇ ਦੇ ਵਸ ਦਾ ਰੋਗ ਨਹੀਂ ਜੁ ਆਪ ਹੀ ਸੰਤ ਸਤਿਗੁਰੂ ਦੇ ਪਗ ਜਾ ਲਗੇ। ਬਿਨਾਂ ਸੰਤ—ਸਤਿਗੁਰੂ ਦੀ ਸੰਗਤ ਤੋਂ ਉਹ ਦਿਨੇ ਰਾਤੀ, ਹਰਦਮ, ਹਰਪਲ ਦੁਖੋ ਦੁਖ ਭੋਗਦਾ, ਡਾਂਗ ਡੰਗੂਸੇ ਰਚਾਉਂਦਾ, ਜੂਨ ਭੰਵਦਾ, ਵਿਕਾਰਾਂ ਭਰਮਾਂ ਪਖੰਡਾਂ ਤੇ ਨਿੰਦਾ ਕਰਕੇ ਆਪਣਾ ਹਿਜਰ ਬਾਲਣ ਵਾਂਗ ਬਾਲ ਲੈਂਦਾ ਹੈ ਤੇ ਜ਼ਿੰਦਗੀ ਦੀਆਂ ਬਰੂਹਾਂ ਬਰਬਾਦ ਕਰ, ਪਰਲੋਕ ਸਵਾਹ ਬਣਾ ਲੈਦਾ ਹੈ।



www.AKJ.Org

# ਸੰਤ ਕੀ ਨਿੰਦਾ

ਭਾਈ ਸਤਿਨਾਮ ਸਿੰਘ ਜੀ "ਲੁਧਿਆਣਾ"

ਨਾਮ ਕਮਾਉਣਹਾਰੇ, ਗੁਰਮਤ ਸਤਿਕਾਰੇ, ਮਾਨਵ ਦੇ ਕੋਮਲ ਤੇ ਦਇਆ ਭਰਪੂਰ ਹਿਰਦੇ ਨੂੰ ਜਦ ਸੰਸਾਰੀ ਮਾਇਆ ਲੂਝੇ ਹਉਮੈ 'ਚ ਪਰੋਤੇ ਹੋਇਆਂ ਦਾ ਈਰਖਾ ਰੂਪੀ ਹਚਕੋਲਾ ਖਹਿੰਦਾ ਹੈ, ਨਿੰਦਾ ਦਾ ਪ੍ਰਮਾਣ ਸਾਬਤ ਹੁੰਦਾ ਹੈ। ਖੈਰ, ਅਜੇਹਾ ਗੁਰਮਤ ਹਠਿਆਰਾ, ਆਪਣੇ ਗੁਰਮਤ ਨਾਮ ਭਿੰਨੇ ਸਰੀਰ ਵਿਚ ਇਤਨਾ ਕੋਮਲ ਦਿਲ ਤਾਂ ਨਹੀਂ ਰਖਦਾ ਜੋ ਕਿ ਉਸਨੂੰ ਅਮਰ ਪਦ ਨਾਮੀ ਦੇ ਨੇਹੁ ਤੋਂ ਅਵੇਸਲਾ ਕਰ ਦੇਵੇ, ਕਿਉਂਕਿ, ਅਜੇਹੀ ਪਿਰਹੜੀ ਸਦੀਵੀ ਤੇ ਅਭੇਦਤਾ ਸਮੋਈ ਹੈ। ਅਜੇਹਾ ਗੁਰੂ-ਸਵਾਰਾ, ਸਤਿਗੁਰੂ ਦੇ ਦਰਸਾਏ ਬਚਨਾਂ ਤੇ ਚਲਣ ਵਾਲਾ, ਈਰਖਾ ਦਵੈਤ ਤੋਂ, ਕ੍ਰਿਝਤਾ ਨਹੀਂ, ਬਲਕਿ ਅਡੋਲ ਤੇ ਅਹਿਲ, ਨਿੰਦਾ ਤੇ ਨਿੰਦਕ ਦਾ ਮੂੰਹ ਆਪਣੇ ਸੁਹਿਰਦ ਤੇ ਨੇਕ ਕੰਮਾਂ ਦੁਆਰਾ ਛਾਣ, ਨਿੰਦਕ ਲਈ ਆਦਰਸ਼ ਪ੍ਰਗਟਾਉਂਦਾ ਹੈ।

ਗੁਰਮੁਖਿ ਵੈਰ ਵਿਰੋਧ ਗਵਾਵੈ ॥
ਗੁਰਮੁਖਿ ਸਗਲੀ ਗਣਤ ਮਿਟਾਵੈ ॥
ਗੁਰਮੁਖਿ ਰਾਮ ਨਾਮ ਰੰਗਿ ਰਾਤਾ ॥
ਨਾਨਕ ਗੁਰਮੁਖਿ ਖਸਮੁ ਪਛਾਤਾ ॥
(ਸਿਧ ਗੋਸ਼ਟ)

ਨਿਰਾਲੇ ਪੰਥ ਨਾਲ : ਸਾਂਝ ਹੋਣ ਨਾਤੇ ਗੁਰਮੁਖ ਪਿਆਰੇ ਦੀ ਨਿੰਦਾ ਹੋਣੀ ਸੁਭਾਵਕ ਏ, ਚੂੰਕਿ, ਵਿਕਾਰ-ਭਰਪੂਰ, ਮਾਨਵ ਆਪਣੇ ਕੁਕਰਮਾਂ ਨੂੰ ਛੁਪਾ ਕੇ ਰਖਣਾ ਲੋੜਦਾ ਹੈ ਤੇ ਨਾਲੋ ਨਾਲ ਅਭਿਮਾਨ ਭਰੇ ਵਰਤਾਵਿਆਂ ਨਾਲ ਉਸਦੀ ਨਾਮ ਭਿੰਨੀ ਕਮਾਈ ਨੂੰ ਆਪਣੇ ਵਿਕਾਰ ਭਰੇ ਤੇ ਗੁਣਾ ਤੋਂ ਸਖਣੇ ਸੰਚੇ ਵਿਚ ਡੋਲਣ ਦੀ ਕੋਸ਼ਿਸ਼ ਕਰਦਾ ਹੋਇਆ ਕੁਕਰਮੀ ਤੇ ਵਿਕਾਰ ਭਰਪੂਰ ਬਣਾਉਣ ਦੇ ਕੋਝੇ ਯਤਨ ਕਰਦਾ ਹੈ।

ਨਾਮ ਮੱਤਾ ਜੀਵ, ਸੁਭਾਵਕ ਹੀ, ਹੋਛੇ ਸੰਸਾਰ ਦੇ ਕੂੜਾਵੇ ਤੇ ਬੇਅਸਰ ਕੰਮਾਂ ਕਾਰਾਂ-ਵਿਹਾਰਾਂ ਤੇ ਮਨ ਬਹਿਲਾਣ ਦੀ ਬਜਾਏ, ਘਰ ਹੀ ਮਹਿ ਜੋਗ ਕਮਾ, ਨਿਜ ਘਰ ਦੀ ਤਾੜੀ ਲਾ ਗੁਰਮਤ ਪੰਧਾਊ ਬਣ ਬਿਖਮ ਅਖਾੜਾ ਸਰ ਕਰਦਾ ਹੈ। ਉਹ ਸੰਸਾਰੀ ਸਨਬੰਧੀਆਂ, ਸੰਗੀਆਂ, ਸਾਥਾਂ, ਮਿਤ੍ਰਾਂ ਤੇ ਸਨੇਹੀਆਂ ਨੂੰ ਨਾਮ-ਕਮਾਈ ਅਗੇ ਕੂੜ ਸਮਝਦਾ ਹੈ। ਉਹ ਤੀਰਥਾਂ, ਵਰਤਾਂ ਨੇਮਾਂ ਤੇ ਪਖੰਡਾਂ ਆਦਿ ਫੋਕਟ ਕਰਮਾਂ ਨੂੰ ਤਿਆਗ, ਨਾਮ ਜਪ, ਲੋਕ ਸੁਖੀ ਪਰਲੋਕ ਸੁਹੇਲਾ ਕਰਦਾ ਹੈ। ਪਰਧਨ, ਪਰਦਾਰਾ ਤੇ ਪਰਤੀ ਨਿੰਦਾ ਜਿਹੇ ਮਨਮੁਖੀ ਰੋਖ ਉਸਦੀ ਸਵਛ ਤੇ ਨਿਰਮਲ ਆਤਮਾਂ ਨੂੰ ਚਿਚੜਾਂ ਵਾਂਗ ਨਹੀਂ ਚੰਬੜ ਸਕਦੇ। ਸੋ ਅਜੇਹੀ ਨਿਰਲੇਪਤਾ ਤੇ ਵਿਲਖਣਤਾ ਭਰੇ ਜੀਵਨ ਦਾ ਧਾਰਣੀ ਨਿਰਾਲੇਪਨ ਜਿਹੇ ਦ੍ਰਿਸ਼ਟੀਗੋਚਰ ਚੋਂ ਹੁੰਦਾ ਹੋਇਆ, ਸਚਾਈ ਦ੍ਰਿੜਾਉਣ ਬਦਲੇ, ਈਰਖਾ ਭਰੇ ਮਨਮੁਖ ਰੋਗੀ ਦੇ ਨਿੰਦਕੀ ਹਚਕੋਲਿਆਂ ਵਿਚ ਆ ਜਾਂਦਾ ਹੈ।

ਨਿੰਦਕ ਕਰ ਰਹੀ ਨਿੰਦਾ ਵਿਚ ਸਚਾਈ ਦੀ ਮਾਮੂਲੀ ਜਿਹੀ ਵੀ ਝਲਕ ਨਹੀਂ ਰਖਦਾ। ਬੇਥਵੀਆਂ ਤੇ ਫਜ਼ੂਲ, ਫੋਕਟ ਬਹਿਸਾਂ ਕਰ ਸਮਾਂ ਤੇ ਦਿਮਾਗ ਵਿਨਾਸ਼ ਕਰਦਾ ਹੈ। ਉਹ ਸਤਿਗੁਰੂ ਨਾਮ ਜਪਾਉਣਹਾਰੇ ਤੇ ਨਾਮ ਜਪਣਹਾਰੇ, ਦੋਨਾਂ ਦੀ ਨਿੰਦਾ ਕਰਨੋਂ ਦਰੇਗ ਨਹੀਂ ਕਰਦਾ। ਉਹ ਆਪਣੀ ਕੂੜਾਵੀ ਜੁੰਡਲੀ, ਤੇ ਨਾਮਹੀਣ ਕੁਕਰਮੀ ਪੁਰਸ਼ਾਂ ਨਾਲ ਰਲ ਦਿਨ ਰਾਤ ਖੇਹ ਉਡਾਉਂਦਾ, ਨਾਮ ਤੇ ਨਾਮੀ ਦੀ ਨਿੰਦਾ ਵਿਚ ਵਿਗੁਚਦਾ ਹੈ। ਜਿਹਾ ਕਿ :-


www.AKJ.Org

"ਸੰਤ ਕਾ ਦੋਖੀ ਧਰਮ ਤੇ ਰਹਤ ॥
ਸੰਤ ਕਾ ਦੋਖੀ ਸਦ ਮਿਥਿਆ ਕਹਤ ॥
(ਸੁਖਮਨੀ)

"ਨਰ ਨਿੰਦਕ ਲੋਭੀ ਮਨਿ ਕਠੋਰ ॥
ਗੁਰ ਸੇਵ ਨ ਭਾਈ ਸਿ ਚੋਰ ਚੋਰ ॥
(ਬਸੰਤ ਮਹਲਾ ੧)

ਉਸਦੀ ਨਿੰਦਾ ਅਸਰ–ਰਹਿਤ, ਸੋਚ ਰਹਿਤ ਤੇ ਕਰਮ ਰਹਿਤ ਹੁੰਦੀ ਹੈ। ਉਸਨੂੰ ਗੁਰਮੁਖ ਦੇ ਨਾਮ ਭਿੰਨੇ ਮਾਰਗ ਦੀ ਕੋਈ ਸੋਝੀ ਨਹੀਂ ਹੁੰਦੀ, ਚੂੰਕਿ ਉਹ ਹਉਮੈ ਦਾ ਜੋ ਕੀੜਾ ਹੁੰਦਾ ਹੈ, ਤੇ ਹਉਮੈ ਦਾ ਨਾਮ ਨਾਲ ਵਿਰੋਧ ਹੋਣ ਕਰਕੇ ਉਹ ਸਾਧ ਜਨਾਂ ਦਾ ਕੀੜਾ ਨਹੀਂ ਬਣ ਸਕਦਾ ਤੇ ਅਮਰ ਪਦ ਨਾਮਿ ਦੀ ਸਹਿਜ ਅਵਸਥਾ ਤੋਂ ਉਹ ਅਵੇਸਲਾ ਰਹਿੰਦਾ ਹੈ। ਅਜੇਹਾ ਨਿੰਦਕ ਨਰ ਗੁਰਮਤ ਮਾਰਗ ਨੂੰ ਆਪਣੇ ਹੋਛੇ ਰਸਾਂ ਅਗੇ ਤੁਲਦਾ ਹੈ ਤੇ "ਹੰਸਾਂ ਨਾਲ ਟਟੀਹਰੀ" ਜਿਹੀ ਅਵਸਥਾ ਉਸਤੇ ਆਣ ਢੁਕਦੀ ਹੈ। ਇਸ ਅਵ-ਸਥਾ ਦਾ ਅਨੁਭਵੀ ਹੁੰਦਾ ਹੋਇਆ ਉਹ ਮੰਦੇ ਭਾਗਾਂ ਵਾਲਾ ਜਲ ਹੀ ਮਥਦਾ ਤੇ ਵਿਰੋਲਦਾ ਹੈ। ਜਿਹਾ ਕਿ :–

"ਸਾਧ ਸੰਗਤਿ ਗੁਰ ਸ਼ਬਦ ਸੁਣ,
ਗੁਰ ਉਪਦੇਸ ਰਹਿਤ ਨ ਰਹੰਦੇ,
ਮਸਤਕ ਭਾਗ ਜਿਨ੍ਹਾਂ ਦੇ ਮੰਦੇ।"
(ਭਾਈ ਗੁਰਦਾਸ)

"ਸਾਧ ਸੰਗਤ ਗੁਰ ਸ਼ਬਦ ਸੁਣ,
ਸਾਂਤ ਨ ਆਵੈ ਊਭੇ ਸਾਹਾ,
ਮਨਮੁਖ ਟੋਟਾ ਗੁਰਮੁਖ ਲਾਹਾ ॥
(ਭਾਈ ਗੁਰਦਾਸ)

ਆਪਣੇ ਦਿਲ ਸਾਗਰ ਨੂੰ ਖੋਜੇ ਬਗੈਰ, ਆਪਣੇ ਕੁਕਰਮਾਂ ਨੂੰ ਬਚਾਉਣ ਹਿਤ, ਆਪਣੇ ਵਿਕਾਰਾਂ ਤੇ ਪੜਦਾ ਪਾਉਣ ਲਈ, ਤੇ ਹਿਜਰ ਦੀ ਬਲਦੀ ਸਚਾਈ ਛੁਪਾਉਣ ਲਈ, ਉਹ ਅਜੇਹੇ ਗੁਰਮਤ ਪਿਆਰੇ ਨੂੰ ਆਪਣੀ ਕੁੜਾਵੀ ਤੇ ਅਭਿ–ਮਾਨ ਭਰੀ ਜੁੰਡਲੀ 'ਚ ਮਿਲਾਉਣ ਦੇ ਪ੍ਰਯਤਨ ਕਰਦਾ ਹੈ, ਪਰ ਸਾਧ ਜਨਾਂ ਦਾ ਕੀੜਾ, ਗੁਰਮਤ ਰਸ–ਰਸੀਲੜਾ ਹਉਮੈ ਦੇ ਕੀੜੇ ਤੋਂ ਚਾਹੇ ਉਸਦਾ ਸਾਥੀ, ਸਨਬੰਧੀ, ਮਿਤ੍ਰ ਜਾਂ ਸਨੇਹੀ ਕਿਉਂ ਨਾ ਹੋਵੇ ਉਹ ਉਸਦੇ ਖਾਣ ਪੀਣ, ਬਚਨ–ਬਿਲਾਸ ਤੇ ਕੁੜਾਵੇ ਨੇਮ-ਵਰਤਾਂ, ਆਦਤਾਂ ਤੋਂ ਆਪਣੀ ਨਾਮ ਕਮਾਈ ਨੂੰ ਬਚਾਉਣ ਦੀ ਕੋਸ਼ਿਸ਼ ਕਰਦਾ ਹੈ। ਉਸਦੇ ਨਿੰਦਕੀ ਦ੍ਰਿਸ਼ਟੀਕੋਣ ਦਾ ਅਸਰ, ਕੁਦਰਤ ਦੇ ਨੇਮਾਂ ਦੇ ਅਨੁਕੂਲ ਉਲਟਾ ਹੁੰਦਾ ਹੈ ਤੇ ਉਹ ਵਿਕਾਰ–ਮਈ ਤੇ ਈਰਖਾ–ਮਈ ਭਾਵਨਾਵਾਂ 'ਚ ਲਿਪਟਿਆ ਹੋਇਆ, ਅਜੇਹੇ ਗੁਰਮੁਖ ਪਿਆਰੇ ਦੀ ਨਿੰਦਾ 'ਚ ਆਪਣਾ ਹਿਜਰ, ਤਨ ਤੇ ਮਨ ਬਾਲਦਾ ਹੈ।

ਨਿੰਦਕ ਦੀ ਨਿੰਦਾ ਕਿਸੇ ਦੁਨਿਆਵੀ ਤੇ ਫੋਕਟ ਗਰਜ਼ ਪਿਛੇ ਹੁੰਦੀ ਹੈ। ਉਹ ਕੇਵਲ ਆਪਣੀ ਗਰਜ਼ ਤਕ ਹੀ ਸੀਮਤ ਹੁੰਦਾ ਹੈ। ਉਹ ਗੁਰਮੁਖ ਦੀ ਨਿੰਦਾ ਕਿਸੇ ਅਣਜਾਣੇ ਜਾਂ ਜਾਣੇ ਹੋਏ ਵਿਸ਼ਟਾ ਭੇਤ ਨੂੰ ਸੜੇ ਹੋਏ ਹਿਰਦੇ 'ਚ ਲੁਕੋ ਕੇ ਕਰਦਾ ਹੈ। ਆਪਣੀ ਨਿੰਦਾ ਦੀ ਝਗ ਸੁਟ ਆਪ ਉਹ ਹਲਕਾਇਆ ਜਾਂਦਾ ਹੈ ਤੇ ਨਾਲੋ ਨਾਲ ਉਹੀ ਅਸਰ ਆਪਣੀ ਕੁੜਾਵੀ ਜੁੰਡਲੀ ਤੇ ਛਡਦਾ ਹੈ।

## ਨਿੰਦਾ ਗੁਰਬਾਣੀ ਰਤਨ(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਅਨੁਕੂਲ ਇਕ ਤੂਰਾਂ ਦਾ ਚੇਟਕ ਹੈ,

ਇਸ ਵਿਚ ਹਰ ਸ਼ਰੇਣੀ, ਤਬਕੇ ਤੇ ਕੌਮ ਦੇ ਅਭਿਮਾਨ ਭਰੇ ਕੁਕਰਮੀ, ਵਹਿਸ਼ੀ ਤੇ ਮਨ–ਮੁਖੀ ਲੋਗ ਜੋ ਸਤਿਗੁਰੂ ਤੋਂ ਵਿਛੜੇ ਹੁੰਦੇ ਹਨ, ਆਪਣਾ ਆਪ ਸਮੋਈ ਰਖਦੇ ਹਨ :-

ਮਨਮੁਖੁ ਨਿੰਦਾ ਕਰਿ ਕਰਿ ਵਿਗੁਤਾ ॥
ਅੰਤਰਿ ਲੋਭੁ ਭਉਕੇ ਜਿਸੁ ਕੁਤਾ ॥
ਜਮਕਾਲੁ ਤਿਸੁ ਕਦੇ ਨ ਛੋਡੈ ॥


www.AKJ.Org

ਅੰਤਿ ਗਇਆ ਪਛੁਤਾਈ ਹੇ ॥
(ਮਾਰੂ ਸੋਲਹੇ ਮ: ੩)

ਮਨੁਖ ਆਪ ਭੁਲ ਤੇ ਆਪਣੇ ਅੰਦਰ ਵਸਿਆ ਅਕਾਲ ਭੁਲ, ਉਸਦਾ ਜਸ ਸੁਨਣ ਤੇ ਸੁਨਾਉਣਹਾਰੇ ਦੀ ਨਿੰਦਾ 'ਚ ਗਲ ਆਪਣਾ ਚੇਟਕ ਸਾਬਤ ਸੂਰਤ ਰਖਦੇ ਹਨ। ਉਹਨਾਂ ਦਾ ਕਸੁਧ ਹਿਰਦਾ ਭਰਮਾਂ ਦੇ ਜਾਲ ਵਿਚ ਅਜੇਹਾ ਤਣਿਆਂ ਹੁੰਦਾ ਹੈ ਤੇ ਭਰਮਾਂ ਨਾਲ ਉਹ ਇਤਨਾਂ ਜਕੜਿਆ ਹੁੰਦਾ ਹੈ ਕਿ ਉਹ ਭਰਮਾਂ ਦੇ ਪੜਦੇ ਦੇ ਬਾਹਰ ਸਚਾਈ ਤੇ ਸੱਚ-ਦਾਤਾਰ ਦੀਆਂ ਰਮਜ਼ਾਂ ਨੂੰ ਨਾ ਸਮਝਦੇ ਹੋਏ ਆਪਣੀ ਜਿਸ ਚੇਟਕ ਵਿਚ ਹੀ ਦਿਨ ਰਾਤ ਲੰਘਾ, ਛਾਤੀ ਤੇ ਤਨ—ਮਨ ਸੀਤਲ ਨਾਮ ਤੋਂ ਲਾਂਭੇ ਰਖਦਾ ਹੈ ਤੇ ਅਹਿਲਾ ਜਨਮ ਗਵਾਉਂਦਾ, ਹਾਏ ਹਾਏ ਕਰਦਾ, ਨਰਕਾਂ ਦੇ ਮਹਾਨ ਤਸੀਹਿਆਂ ਵਲ ਜਾ ਪੈਂਦਾ ਹੈ।

"ਮਨ ਹਠਿ ਕਰਮ ਕਰੈ ਅਭਿਮਾਨੀ,
ਜਿਉ ਬਾਲਕ ਬਾਲੂ ਘਰ ਉਸਰਈਆ ॥
ਆਵੈ ਲਹਰਿ ਸਮੁੰਦ ਸਾਗਰ ਕੀ,
ਖਿਨ ਮਹਿ ਭਿੰਨ ਭਿੰਨ ਢਹਿ ਪਈਆ ॥
(ਬਿਲਾਵਲ ਮ: ੪)

"ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ,
ਨਾਨਕ ਜਿਉ ਮਥਨਿ ਮਾਧਾਣੀਆਂ ਤਿਉ
ਮਥੇ ਧ੍ਰਮਰਾਇ। (ਸਲੋਕ ਮਹਲਾ ੫)

ਵੇਖਣ ਵਿਚ ਆਉਂਦਾ ਏ ਕਿ ਨਾਮਹੀਣ ਤੇ ਅਕ੍ਰਿਤਘਣ ਹੀ ਇਸ ਚੇਟਕ ਨੂੰ ਆਪਣੀ ਜ਼ਿੰਦਗੀ ਦੀਆਂ ਬੇਰੋਕ ਧਾਰਾਵਾਂ ਵਿਚ ਫਸਾਂਉਂਦੇ ਨੇ ਕਿਉਂ ਕਿ ਸਾਡੇ ਗਿਆਨ ਵਿਚ ਹੈ ਕਿ ਇਸ ਚੇਟਕ ਖੀਵਾ ਆਦਮੀ ਹਉਮੈ ਦਾ ਕੀੜਾ ਹੀ ਹੋ ਸਕਦਾ ਹੈ ਤੇ ਦੂਜੇ ਸ਼ਬਦਾਂ ਵਿਚ ਹਉਮੈ ਦਾ ਕੀੜਾ ਨਾਮ-ਹੀਣ ਬੰਦਾ ਤੇ ਨਾਮ ਨਾ ਜਪਣ ਵਾਲਾ ਆਤਮਘਾਤੀ, ਤੇ ਸਚੇ ਪਾਤਸ਼ਾਹ, ਨਾਮੀ ਦੀਆਂ ਅਮੁਕ ਦੇਣਾਂ ਦਾ ਸ਼ੁਕਰਾਨਾ ਨਾ ਕਰਨ ਵਾਲਾ ਅਕ੍ਰਿਤਘਣ ਹੀ ਹੋ ਸਕਦਾ ਹੈ। ਉਹ ਭਰਮ ਦੇ ਪੜਦੇ ਹੇਠ ਲਿਤਾੜਿਆ ਅੰਧ ਵਿਸ਼ਵਾਸ ਦੀ ਸਮੋਈ ਹਾਲਤ ਵਿਚ ਅਜੇਹੇ ਗੁਰਮਤ ਪੜਾਵਾਂ ਵਿਚ ਵਿਸ਼ਵਾਸਨ ਨੀ ਰਖਦਾ ਤੇ ਫਲ-ਸਰੂਪ ਭੈ-ਭਾਉ ਰਹਿਤ ਅਗਿਆਨੀ ਤੇ ਮੁਗਧ ਮਨਮੁਖ ਭੈਭਾਉ ਤਿਆਗ, ਸ਼ਰਮ ਦੀ ਬੁਕਲ ਲਾਹ, ਅਕਾਲ ਦੇ ਪੂਜਾਰੀ ਦੀ ਅਯੋਗ, ਬੇਥਵੀ ਤੇ ਅਮੁਕ ਨਿੰਦਾ ਕਰ ਜਨਮ, ਮਰਣ ਦੇ ਗੇੜ ਵਿਚ ਪੈ ਨਾਮ-ਕਮਾਈ ਤੋਂ ਵਿਹਲਾ ਰਹਿ ਜਾਂਦਾ ਹੈ।

"ਸੇ ਮਨਮੁਖ ਜੋ ਸਬਦੁ ਨ ਪਛਾਣਹਿ"
ਗੁਰ ਕੇ ਭੈ ਕੀ ਸਾਰ ਨ ਜਾਣਹਿ ॥
ਭੈ ਬਿਨੁ ਕਿਉ ਨਿਰਭਉ ਸਚੁ ਪਾਈਐ, ਜਮ ਕਾਢਿ ਲਇਗਾ ਸਾਹਾ ਹੇ। (ਮਾਰੂ ਮਃ ੩ ਕੇ ਸੋਲਹੇ

## ਸੰਤ ਤੇ ਸਤਿਗੁਰ ਭਾਵੇਂ ਦੋ ਅਖਰ ਹਨ, ਪਰ ਅਰਥਾਵਲੀ ਇਕ ਹੈ।

ਸੰਤ ਦੀ ਨਿੰਦਾ ਭੈ ਭਾਉ ਤਿਆਗ, ਸ਼ਰਮ ਦੀ ਬੁਕਲ ਲਾਹ ਕੇ ਹੀ ਹੋ ਸਕਦੀ ਹੈ। ਗੁਰਮਤ ਹਠਿਆਰਾ, ਨਾਮ ਕਮਾਉਣਹਾਰਾ ਹਮੇਸ਼ਾ ਭੈ ਭਾਉ ਭਰਪੂਰ ਹੁੰਦਾ ਹੈ ਜਿਹਾ ਕਿ:—

'ਗੁਰਮੁਖ ਭੈ ਵਿਚ ਜੰਮਣਾ,
ਭੈ ਵਿਚ ਰਹਿਣਾ ਭੈ ਵਿਚ ਚਲਣਾ।
ਸਾਧ ਸੰਗਤ ਭੈ ਭਾਇ ਵਿਚ ਭਗਤ ਵਛਲ ਕਰ
ਅਛਲ ਛਲਣਾ ( ਭਾਈ ਗੁਰਦਾਸ )

ਤੇ ਆਪਣੇ ਪਰਮ ਅਕਾਲ-ਪੁਰਖ ਤੇ ਸਚੀ ਟੇਕ ਤੇ ਭਰੋਸਾ ਰਖ ਹਰ ਕਾਰਜ ਵਿਚ ਉਸਦੀ ਮਦਦ ਲਈ ਪੁਕਾਰ ਕਰਦਾ ਹੈ, ਤੇ ਨਾਲੋਂ ਨਾਲ (Simul taneously) ਆਪਣੀ ਵਿਸ਼ੇਸ਼ ਹੋਂਦ ਨੂੰ ਅਲਪਗ ਜਾਣ ਖਤਮ ਕਰਦਾ ਹੈ। ਭੈ-ਭਾਉ ਤਿਆਗੀ ਮਨਮੁਖੀ, ਕੁਕਰਮੀ ਤੇ ਵਹਿਸ਼ੀ ਮਾਨਵ ਦੁਨਿਆਵੀ ਬੁਕਲ ਵਿਚ ਸਪ ਲਪੇਟੀ, ਹਉਮੈ ਤੇ ਵਿਕਾਰ-ਮਈ ਲਪਟਾਂ ਵਿਚ ਲਿਪਟਿਆ ਹੋਇਆ, ਸਤਿਗੁਰੂ ਦੀ ਮਰਜ਼ੀ ਪ੍ਰਤੀਕੂਲ, ਆਪਣੀ ਵਿਸ਼ੇਸ਼ ਹੋਂਦ ਸਰਬ ਥਾਂਈ ਕਾਇਮ ਰਖਦਾ ਹੋਇਆ ਸੰਤ ਸਤਿਗੁਰੂ ਦੀ ਨਿੰਦਾ ਤੋਂ ਪਰਹੇਜ਼ ਨਹੀਂ ਰਖਦਾ

'ਸੰਤ ਕਾ ਦੋਖੀ ਅੰਤਰ ਤੇ ਥੋਥਾ ॥



www.AKJ.Org

ਜਿਉ ਸਾਸ ਬਿਨਾ ਮਿਰਤਕ ਕੀ ਲੋਥਾ ॥
(ਸੁਖਮਨੀ)

ਨਿੰਦਕ ਦਾ ਜੀਵਨ, ਵਿਕਾਰਾਂ ਭਰਮਾਂ ਤੇ ਹਉਮੈ ਦੇ ਪੜਦਿਆਂ ਹੇਠ, ਕਸੁਧ ਹਿਰਦੇ ਦੀਆਂ ਲਪਟਾਂ ਵਿਚ ਅਪਰਾਧੀ ਕੁਕਰਮਾਂ ਵਿਚ ਵਿਚਾਰਿਆ ਹੁੰਦਾ ਹੈ ; ਜਿਹਾ ਕਿ :—

'ਨਿੰਦਕੁ ਪ੍ਰਭੂ ਭੁਲਾਇਆ, ਕਾਲੁ ਨੇਰੈ ਆਇਆ,
ਹਰਿ ਜਨ ਸਿਉ ਬਾਦ ਉਠਰੀਐ ॥
ਨਾਨਕ ਕਾ ਰਾਖਾ ਆਪਿ ਪ੍ਰਭੁ ਸੁਆਮੀ,
ਕਿਆ ਮਾਨਸ ਬਪੁਰੇ ਕਰੀਐ ॥
(ਬਿਲਾਵਲ ਮ: ੫)

"ਨਿੰਦਕਿ ਅਹਿਲਾ ਜਨਮੁ ਗਵਾਇਆ ॥
ਪਹੁਚਿ ਨ ਸਾਕੈ ਕਾਹੂ ਬਾਤੇ,
ਆਗੈ ਠਉਰ ਨ ਪਾਇਆ ॥
(ਆਸਾ ਮਹਲਾ ੫)

"ਆਦਿ ਪੁਰਖਿ ਨਿੰਦਕੁ ਭੋਲਾਇਆ ।
ਨਾਨਕ ਕਿਰਤੁ ਨ ਜਾਇ ਮਿਟਾਇਆ ॥
(ਭੈਰਉ ਮਹਲਾ ੫)

ਉਸ ਦੀ ਜ਼ਬਾਨ, ਬੋਲ, ਕੰਨ ਤੇ ਨੱਕ ਬਿਖਿਆ ਬੋਲਦੇ, ਵੇਖਦੇ, ਸੁਣਦੇ ਤੇ ਸੁੰਘਦੇ ਹਨ ਨਾਮ ਤੇ ਨਾਮੀ ਦੇ ਹੁਲਾਸਤਾ ਭਰੇ ਚਿਹਰੇ ਦੀ ਖਿੜਾਵੀ ਮਹਿਕ ਤੇ ਟਹਿਕ ਉਹਨਾਂ ਦੀ ਗਰਭ ਮਤੀ ਜ਼ਿੰਦਗੀ ਦੇ ਨਾ—ਸਦੀਵੀ ਹੁਸਨ ਤੋਂ ਦੂਰ ਰਹਿੰਦੀ ਹੈ । ਉਹ ਹਉਮੈ ਰਤਾ ਸੰਸਾਰੀ ਵਿਸ਼ੇ ਵਿਕਾਰਾਂ ਵਿਚ ਖੁਭਾ ਹੋਇਆ ਸੰਸਾਰੀ ਤੇ ਵਿਕਾਰੀ ਬੰਦਿਆ ਨੂੰ ਵਿਕਾਰੀ ਤੇ ਕੁੜਾਵੀਆਂ ਵਸਤਾਂ ਨਾਲ ਖੁਸ਼ ਰਖਣ ਦੇ ਪ੍ਰਯਤਨ ਅਰੰਭਦਾ ਹੀ ਰਹਿੰਦਾ ਹੈ ਤੇ ਆਪਣੀ ਜੀਵਨ-ਨੋਕਾ,ਚ ਇਹਨਾਂ ਨੂੰ ਆਪਣਾ ਗੁਰੂ ਰਖਵਾਲਾ ਜਾਂ ਪੀਰ ਸਮਝਦਾ ਹੈ । ਗਿਆਨ ਫਿਲਾਸਫੀ ਜਾਂ ਆਤਿ-ਮਿਕ ਖੇੜਾ ਉਸਦੇ ਅੰਤਰ-ਆਤਮੇ ਰੋਮਾਵਲੀ ਨਹੀਂ ਖਿੜਾ ਸਕਦੀ । ਚੂੰਕਿ ਉਸਦਾ ਆਪਾ ਅਗੇ ਹੀ ਮਲੀਨ ਤੇ ਹੋਛੇ ਕਾਰਾਂ-ਵਿਹਾਰਾਂ ਵਿਚ ਖੁਭਿਆ ਹੁੰਦਾ ਹੈ ।

"ਕਬੀਰ ਸਾਕਤੁ ਐਸਾ ਹੈ,
ਜੈਸੀ ਲਸਨ ਕੀ ਖਾਨਿ ॥
ਕੋਨੇ ਬੈਠੇ ਖਾਈਐ,
ਪਰਗਟ ਹੋਇ ਨਿਦਾਨ ॥੧੭॥
(ਸਲੋਕ ਕਬੀਰ)

*ਗੁਣ ਛੋਡਿ ਅਵਗਣ ਕਮਾਵਦੇ,
ਦਰਗਹ ਹੋਹਿ ਖੁਆਰੁ ॥
ਜੂਐ ਜਨਮੁ ਤਿਨੀ ਹਾਰਿਆ,
ਕਿਤੁ ਆਏ ਸੰਸਰਿ ॥
(ਪਉੜੀਵਾਰ ਮਲਾਰ)

ਕਈ ਵੇਰ ਮਨਮੁਖ ਭੇਖੀ ਤੇ ਪਖੰਡੀ ਬਣ, ਆਪਣੇ ਵਿਕਾਰਾਂ ਨੂੰ ਛੁਪਾਉਣ ਹਿਤ, ਸਮੇਂ ਦੀ ਬੇਰੋਕ ਹਵਾ ਪ੍ਰਤਿਕੂਲ, ਸੰਤ ਤੇ ਸਤਿਗੁਰੂ ਦੀ ਅਯੋਗ ਤੇ ਅਕਾਰਣ ਨਿੰਦਾ ਕਰਦਾ ਹੈ । ਅਜਿਹੇ ਹਾਲਾਤ ਆਮ ਦੇਖਣ ਵਿਚ ਆਉਂਦੇ ਹਨ ।

'ਕਿਆ ਬਗੁ ਬਪੁੜਾ ਛਪੜੀ ਨਾਇ;
ਕੀਚੜਿ ਡੂਬੇ ਮੈਲੁ ਨ ਜਾਇ ।
(ਧਨਾਸਰੀ ਮ: ੧ ਘਰ ੨)

ਉਹ ਆਪ ਭੈ ਭਾਵਨੀ ਤੇ ਵਿਸ਼ਵਾਸ ਰਹਿਤ ਹੋ ਜਾਂਦਾ ਹੈ ਤੇ ਭਰਮਾਂ ਭੇਖਾਂ ਚਤੁਰਾਈ-ਆਂ ਰਾਹੀਂ ਮਨੁਖਤਾ ਠਗਦਾ ਹੈ ਤੇ ਆਪਣੇ ਕਸੁਧ ਹਿਰਦੇ ਦੀ ਕਾਲੀ ਮੈਲ, ਚਿਟੀ ਵਿਖਾ-ਉਣ ਹਿਤ, ਵਿਕਾਰਾਂ ਸਮੋਇਆ, ਸੰਤ ਸਤਿਗੁਰੂ ਦੀ ਵੀ ਨਿੰਦਾ ਕਰਨੋ ਨਹੀਂ ਸੰਗਦਾ । ਧ੍ਰਿਗ ਧ੍ਰਿਗ ਖਾਇਆ, ਪੈਨਾਇਆ ਤੇ ਸੁਆਇਆ ਦੀ ਅਵਸਥਾ 'ਚ ਵਿਚਰਦਾ ਹੈ :—

"ਠਗੈ ਸੇਤੀ ਠਗੁ ਰਲਿ ਆਇਆ,
ਸਾਥੁ ਭਿ ਇਕੋ ਜੇਹਾ ॥
ਸਤਿਗੁਰੁ ਸਰਾਫੁ ਨਦਰੀ ਵਿਚਦੋ,
ਕਢੇ ਤਾਂ ਉਘੜਿ ਆਇਆ ਲੋਹਾ ॥
(ਮਹਲਾ ੫)

ਉਸਦੇ ਚਿਹਰੇ ਦਾ ਖੇੜਾ, ਅਨੇਕ ਪਖੰਡ, ਭੇਖ, ਚਤੁਰਾਈਆਂ ਕਰਨ ਦੇ ਬਾਵਜੂਦ ਵੀ


www.AKJ.Org

ਅਲੋਪ ਹੀ ਰਹਿੰਦਾ ਹੈ, ਚੂੰਕਿ ਉਸ ਅੰਦਰ ਅਕਸਰ ਨਾਮ ਕਮਾਈ ਹੁੰਦੀ ਹੀ ਨਹੀਂ ਜੇ ਹੁੰਦੀ ਵੀ ਹੈ ਤਾਂ ਬਹੁਤ ਘਟ, ਤੇ ਉਹ ਕੁਕਰਮੀ ਬਿਖਿਆ 'ਚ ਲਿਵਲੀਣ ਬਿਖਮ ਅਖਾੜੇ ਦੀ ਮਾਮੂਲੀ ਜਿਹੀ ਆਲੂਣੀ ਸਿਲ ਵੀ ਨਹੀਂ ਚਟ ਸਕਦਾ। ਅਜੇਹਾ ਪ੍ਰਾਣੀ ਲੋਕ ਤੇ ਪਰਲੋਕ, ਇਥੇ ਤੇ ਦਰਗਾਹ, ਹਉਮੈ ਦਾ ਕੀੜਾ ਬਣ ਖਰਾਬ ਕਰ ਲੈਂਦੇ ਹਨ, ਨਿੰਦਾ ਦੀ ਚੇਟਕ ਵਿਚ ਫਸਕੇ।

"ਹਉ ਹਉ ਕਰਤ ਨ ਤ੍ਰਿਸਨ ਬੂਝੈ,
ਨਹ ਕਾਮ ਪੂਰਨ ਗਿਆਨੇ ॥
ਬਿਨਵੰਤਿ ਨਾਨਕ ਬਿਨੁ ਨਾਮ ਹਰਿ ਕੇ,
ਕੇਤਿਆ ਪਛੁਤਾਨੇ ॥
(ਬਿਹਾਗੜਾ ਮਹਲਾ ੫ ਛੰਤ)

"ਪੜਿ ਪੰਡਿਤ ਅਵਰਾਂ ਸਮਝਾਏ ॥
ਘਰ ਜਲਤੇ ਕੀ ਖਬਰਿ ਨਾ ਪਾਏ,
ਬਿਨੁ ਸਤਿਗੁਰ ਸੇਵੇ ਨਾਮੁ ਨ ਪਾਈਐ,
ਪੜਿ ਥਾਕੇ ਸਾਂਤਿ ਨ ਆਈ ਹੇ ॥
(ਮਾਰੂ ਮਹਲਾ ੧ ਸੋਲਹੇ)

ਇਕਿ ਭਸਮ ਲਗਾਇ ਫਿਰਹਿ ਭੇਖਧਾਰੀ ॥
ਬਿਨੁ ਸਬਦੈ ਹਉਮੈ ਕਿਨਿ ਮਾਰੀ ॥
ਅਨਦਿਨੁ ਜਲਤ ਰਹਹਿ ਦਿਨੁਰਾਤੀ,
ਭਰਮਿ ਭੇਖਿ ਭਰਮਾਈ ਹੇ ॥
(ਮਾਰੂ ਮਹਲਾ ੧ ਸੋਲਹੇ)

ਗੁਰਮਤ ਮਾਰਗ ਗੁਸਿਆ ਪ੍ਰਾਣੀ, ਨਿੰਦਾ ਦੀ ਚੇਟਕ ਤੋਂ ਆਪਣਾ ਰੋਮ ਰੋਮ ਬਚਾਈ ਰਖਦਾ ਹੈ। ਉਹ ਭੈ-ਭਾਵਨੀ ਭਰਪੂਰ ਅਕਾਲ ਦੇ ਨੇਹੁ 'ਚ ਗੜੂਚ, ਨਾਮ ਖੁਮਾਰੀ ਮੱਤਾ, ਨਿਜ ਘਰ ਤਾੜੀ ਲਾ ਸਹਿਜ ਜੋਗ ਕਮਾਉਂਦਾ ਹੋਇਆ, ਨਾਮ ਦੇ ਖੇੜੇ ਤੇ ਰੰਗਾਂ ਵਿਚ ਜੀਵਨ ਗਾਡੀ ਚਲਾਉਂਦਾ ਹੈ। ਉਹ ਕੁਰੂਪ, ਕੁਲਖਣੀ ਤੇ ਕੁਸੁਧ ਸੰਗਤ ਤੇ ਵਿਲਾਸਤਮਕ ਵਿਚਾਰਾਂ ਤੋਂ ਆਪਾ ਪਰੇ ਰਖਦਾ ਹੈ। ਉਹ ਨਿੰਦਾ ਨੂੰ ਬਾਕੀ ਸਭ ਭਰਮਾਂ ਵਹਿਮਾਂ ਪਖੰਡਾਂ ਦੀ ਜੜ੍ਹ ਸਮਝ, ਇਸ ਤੋਂ ਹਰਦਮ ਤੇ ਹਰਪਲ ਸੁਚੇਤ ਰਹਿ ਜਾਂਦਾ ਹੈ, ਅਕਾਲ ਦੀ ਮਹਿਮਾ ਤੇ ਭਰੋਸੇ ਦਾ ਸਦਕਾ। ਜਿਹਾ ਕਿ :-

ਆਪਣੇ ਦਾਸ ਕਉ ਕੰਠਿ ਲਗਾਵੈ ॥
ਨਿੰਦਕ ਕਉ ਅਗਨਿ ਮਹਿ ਪਾਵੈ ॥੧॥
ਪਾਪੀ ਤੇ ਰਾਖੇ ਨਰਾਇਣ ॥
ਪਾਪੀ ਕੀ ਗਤਿ ਕਤਹੂ ਨਾਹੀ,
ਪਾਪੀ ਪਚਿਆ ਆਪ ਕਮਾਇਣ ॥
(ਭੈਰਉ ਮਹਲਾ ੫)

ਪੂਰਨ ਜਤੀ ਗੁਰਸਿੱਖ, ਸੰਤ-ਸਤਿਗੁਰੂ ਦੀ ਨਿੰਦਾ ਤੋਂ ਹਰਦਮ ਖਬਰਦਾਰ ਰਹਿੰਦਾ ਹੈ। ਨਿੰਦਾ ਕਰਨ ਵਾਲੇ ਨਿੰਦਕ ਦਾ ਮੁਖ ਗੁਰਬਾਣੀ ਜੜੇ ਰਤਨ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਅਨੁਕੂਲ ਦਰਗਾਹਾਂ ਤੇ ਇਥੇ ਕਾਲਾ ਹੀ ਰਿਹਾ ਹੈ। ਤੇ ਸਾਬਤ ਕੀਤਾ ਗਿਆ ਹੈ ਕਿ ਆਖਰ ਲੋਹਾ ਉਘੜ ਹੀ ਆਉਂਦਾ ਹੈ। ਯਥਾ ਗੁਰਵਾਕ:-

ਮਨਮੁਖ ਨਿੰਦਾ ਕਰਿ ਕਰਿ ਵਿਗੁਤਾ ॥
ਅੰਤਰਿ ਲੋਭੁ ਭਉਕੈ ਜਿਸੁ ਕੁਤਾ ॥
ਜਮਕਾਲੁ ਤਿਸੁ ਕਦੇ ਨ ਛੋਡੈ,
ਅੰਤਿ ਗਇਆ ਪਛੁਤਾਈਹੇ (ਮਾਰੂ ਮ: ੩ ਸੋਲਹੇ)
ਬਾਰਹਾ ਕੰਚਨੁ ਸੁਧੁ ਕਰਾਇਆ,
ਨਦਰਿ ਸਰਾਫ ਵੰਨੀਸ ਚੜਾਇਆ ॥
ਪਰਖਿ ਖਜਾਨੇ ਪਾਇਆ ਸਰਾਫੀ,
ਫਿਰਿ ਨਾਹੀ ਤਾਈਜਾ ਹੇ (ਮਾਰੂ ਮ: ੫ ਸੋਲਹੇ)

ਭਗਤ ਕੀ ਨਿੰਦਾ ਕੰਧੁ ਛੇਦਾਵੈ।
ਭਗਤ ਕੀ ਨਿੰਦਾ ਨਰਕੁ ਭੁੰਚਾਵੈ।
ਭਗਤ ਕੀ ਨਿੰਦਾ ਗਰਭ ਮਹਿ ਗਲੈ।
ਭਗਤ ਕੀ ਨਿੰਦਾ ਰਾਜ ਤੇ ਟਲੈ ॥

ਉਸਦਾ ਵਿਕਾਰੀ ਤੇ ਮਲੀਣ ਚਿਹਰਾ, ਨਿੰਦਾ ਦੀ ਘਸਮੈਲੀ ਚਾਦਰ ਨਾਲ ਢਕਿਆ ਹੋਇਆ ਬਾਕੀ ਸਭ ਬੁਰਾਈਆਂ ਆਪਣੇ ਅੰਦਰ ਛੁਪਾਈ ਰਖਦਾ ਹੈ। ਉਹ ਨਿੰਦਾ ਕਰ ਕਰ ਆਪਣੇ ਰਹਿੰਦੇ ਗੁਣਾਂ ਦਾ ਗੰਠੜੀ ਵੀ ਗਵਾ, ਗੁਣਾਂ ਤੋਂ ਸਖਣਾ ਹੈ, ਅਭਿਮਾਨ-ਭਰਿਆ ਮਾਰਗ ਤਹਿ ਕਰਦਾ ਹੈ।



www.AKJ.Org

ਸੁਖਮਨੀ ਆਪਣੇ ਆਪ ਵਿਚ ਨਿੰਦਕ ਦੇ ਮੂੰਹ ਤੇ ਚਪੇੜ ਏ, ਭਾਵੇਂ ਵੈਰ ਵਿਰੋਧ ਜਾਂ ਗੁਸੇ ਦੀ ਨਹੀਂ ਬਲਕਿ ਸੀਤਲਤਾ, ਮਿਠਤਾ, ਪਿਆਰ ਤੇ ਅਸਰ-ਭਰਪੂਰ ਗੁਣਾਂ ਦੀ, ਵਿਕਾਰਤਾ, ਝੂਠਾਪਣ, ਅਗਿਆਨਵਾਦ ਆਦਿ ਤੇ ਦੁਨਿਆਵੀ ਸੁਖ ਤੇ ਆਤਮਿਕ ਖੇੜਾ, ਦੋਨੋ, ਸੰਤ ਦੀ ਨਿੰਦਾ ਕਰਨ ਤੇ ਖਤਮ ਹੋ ਜਾਂਦੇ ਹਨ।

"ਸੰਤ ਕੈ ਦੂਖਨਿ ਸੁਖ ਸਭੁ ਜਾਇ ॥
ਸੰਤ ਕੈ ਦੂਖਨਿ ਨਰਕ ਮਹਿ ਪਾਇ ॥
ਸੰਤ ਕੈ ਦੂਖਨਿ ਮਤਿ ਹੋਇ ਮਲੀਨ ॥
ਸੰਤ ਕੈ ਦੂਖਨਿ ਸੋਭਾ ਤੇ ਹੀਨ ॥
ਸੰਤ ਕੇ ਹਤੇ ਕਉ ਰਖੈ ਨ ਕੋਇ ॥
ਸੰਤ ਕੈ ਦੂਖਨਿ ਥਾਨ ਭ੍ਰਸਟੁ ਹੋਇ ।(ਸੁਖਮਨੀ)

"ਸੰਤ ਕਾ ਨਿੰਦਕੁ ਰਾਜ ਤੇ ਹੀਨੁ ॥
ਸੰਤ ਕਾ ਨਿੰਦਕੁ ਦੁਖੀਆ ਅਰੁ ਦੀਨੁ ॥
ਸੰਤ ਕੇ ਨਿੰਦਕ ਕਉ ਸਰਬ ਰੋਗੁ ॥
ਸੰਤ ਕੇ ਨਿੰਦਕ ਕਉ ਸਦਾ ਬਿਜੋਗ ॥
(ਸੁਖਮਨੀ)

ਸੰਤ ਕਾ ਦੋਖੀ ਇਉਂ ਬਿਲਲਾਇ ॥
ਜਿਉਂ ਜਲ ਬਿਹੂਨ ਮਛੁਲੀ ਤੜਫੜਾਇ ॥
ਸੰਤ ਕਾ ਦੋਖੀ ਭੂਖਾ ਨਹੀ ਰਾਜੈ ॥
ਜਿਉ ਪਾਵਕੁ ਈਧਨਿ ਨਹੀਂ ਧ੍ਰਾਪੈ ।"
(ਸੁਖਮਨੀ)

ਸੋ ਉਪਰਲੀ ਵਿਚਾਰ ਸਾਡੇ ਅੰਦਰ ਸਪਸ਼ਟਤਾ ਭਰਦੀ ਏ ਕਿ ਨਿੰਦਕ ਤੇ ਮਨਮੁਖ (Co-related) ਆਪਸੀ-ਸਬੰਧਤ ਅਰਥ ਹੈ। ਨਾਮਹੀਣ, ਹਉਮੈ ਦਾ ਕੀੜਾ, ਮਨਮੁਖੀ ਵਿਲਾਸਤਾ, ਤੇ ਨਿੰਦਕੀ ਚੇਟਕ, ਸਤਿਗੁਰੂ ਭੁਲੇ ਆਦਮੀ ਦੇ ਹੀ ਵਿਸ਼ੇਸ਼ (Charact-eristics)ਆਦਤਾਂ ਹਨ। ਸਿਟੇ ਵਜੋਂ, ਮਨਮੁਖੀ ਨਿੰਦਕ ਆਪਣੇ ਪਾਸ ਨਿੰਦਾ ਕਰ ਕਰ ਅਵਗੁਣਾ ਦੀ ਗੰਠੜੀ ਬੰਨ੍ਹ ਬੰਨ੍ਹ ਗੁਣਾਂ ਨੂੰ ਛਡਦਾ, ਕੁਕਰਮੀ ਤੇ ਵਹਿਸ਼ੀ-ਭਰਪੂਰ ਜੀਵਨ ਬਤੀਤ ਕਰਦਾ ਹੈ। ਲੋਕਾਚਾਰੀ, ਕੁਚੱਜੇ ਢੰਗ, ਅਮੁਕ ਅਰੋਕਵੇਂ ਵਹਿਣ, ਅਛੋਪਲੀ ਨੀਵੀਂ ਤੀਬਰਤਾ, ਉਸਦੇ ਅੰਦਰ ਤ੍ਰਿਸ਼ਨਾ ਭਰਿਆ ਜਾਲ, ਉਸਦੀ ਆਤਮਾ ਤੇ ਅਧਰੰਗ ਹੁੰਦੇ ਹਨ ਜੋ ਚੁਪ ਚੁਪੀਤੇ ਚੰਗਿ-ਆਈਆਂ ਰੂਪੀ ਖ਼ੂਨ ਚੂਸ ਚੂਸ ਅਵਗੁਣ ਫੈਲਾ, ਪਖੰਡੀ ਬਣਾ, "ਖਾਇ ਵਧਾਇਆ ਪੇਟ" ਜਿਹੀ ਅਵਸਥਾ ਗ੍ਰਹਿਣ ਕਰਵਾ ਦੁਨਿਆਵੀ, ਨਾਮੀ ਤੇ ਅਕਾਲ ਸੇਵਾ ਤੋਂ ਵਾਂਜੇ ਰਹਿ ਜੀਵਨ ਮੌਤ ਬਾਰ ਬਾਰ ਲਿਆ ਦੁਖ ਹੀ ਦੁਖ ਭੋਗਦੇ ਹਨ। ਜਿਹਾ ਕਿ :–

ਅੰਦਰਿ ਕਪਟੁ ਸਦਾ ਦੁਖੁ ਹੈ,
ਮਨਮੁਖ ਧਿਆਨੁ ਨ ਲਾਗੈ ॥
ਦੁਖ ਵਿਚ ਕਾਰ ਕਮਾਵਣੀ,
ਦੁਖ ਵਰਤੈ ਦੁਖੁ ਆਗੈ ॥
ਕਰਮੀ ਸਤਿਗੁਰ ਭੇਟੀਐ,
ਤਾਂ ਸਚਿ ਨਾਮਿ ਲਿਵਲਾਗੈ ।
(ਮਹਲਾ ੩ ਸ਼ਲੋਕ)

ਮਨਮੁਖੀ ਨਿੰਦਕ ਪਾਪ ਕਰਕੇ ਅਸਾਧ ਰੋਗਾਂ 'ਚ ਆਪਣੀ ਆਤਮਾਂ ਦਾ ਰਸ ਨਿਚੋੜ ਨਿਚੋੜ ਆਪਣੇ ਪੈਰੀ ਆਪ ਕੁਹਾੜਾ ਮਾਰਦੇ ਹਨ। ਦੇਹੀ ਗ੍ਰਸੇਵਿਲਾਸ਼ਤਮਕ ਰੋਗ ਕਾਮ, ਕ੍ਰੋਧ ਨਿੰਦਾ, ਬੁਰਿਆਈ, ਮੋਹ ਤੇ ਹਉਮੈ ਆਦਿ ਨਿੰਦਾ ਦਾ ਹੀ ਮੂਲ ਹਨ।। ਨਿੰਦਕ ਤੇ ਨਿੰਦਾ ਹੋਰ ਸਭ ਵਿਕਾਰਾਂ, ਭਰਮਾਂ ਤੇ ਪਖੰਡਾਂ ਆਦਿ ਦੀ ਜੜ ਏ। ਗੁਰਮਤ ਹਠਿਆਰਾ ਗੁਰਮਤ ਬਿਬੇਕ ਗ੍ਰਹਿਣ ਕਰ, ਆਪਣੀ ਪਵਿਤਰ ਆਤਮਾਂ ਨਾਮ ਜਪ ਜਪ ਵਸ ਕਰ ਅਜਿਹੇ ਅਸਾਧ ਰੋਗਾਂ ਤੋਂ ਧੋਖਾ ਖਾਣ ਦੀ ਬਜਾਏ, ਅਕਾਲ ਦੀ ਭੈ ਭਾਵਨੀ ਵਿਚ ਵਿਚਾਰ ਆਪਣੇ ਆਲੇ ਦੁਆਲੇ ਨਾਮ–ਰੰਗ ਦੀ ਮਸਤੀ ਰਖਦਾ ਹੈ ਤੇ ਨਿੰਦਾ ਦੇ ਭਿਆਨਕ ਨਤੀਜਿਆ ਦੇ ਦਰ–ਦਨਾਕ ਵਰਤਾਵਿਆਂ ਤੋਂ ਹਰਦਮ ਤੇ ਹਰਪਲ ਸਾਵਧਾਨ ਰਹਿੰਦਾ ਹੈ। ਕਿਉਂਕਿ ਉਸ ਦੇ ਉਚੇ ਤੇ ਸੁਚੇ ਜਤ ਤੇ ਸਤ ਦੀ ਨਿੰਦਾ ਦੇ ਜਾਲ ਵਿਚ ਪਰਖ ਕੀਤੀ ਜਾਂਦੀ ਹੈ ਤੇ ਕੋਈ ਵਿਰਲਾ


www.AKJ.Org

ਗੁਰਮੁਖ ਪਿਆਰਾ ਹੀ ਇਸ ਅਲੂਣੀ ਸਿਲ ਨੂੰ ਚੱਟ, ਗੁਰ–ਸਤਿਗੁਰੂ ਸੇਵੰਦਾ ਹੈ । ਨਾਮ–ਰਸੀਲੜੇ ਹਰ–ਵਕਤ ਅਕਾਲ ਦੀ ਦਰਗਾਹੋਂ ਬਖਸ਼ੇ ਹੁੰਦੇ ਹਨ ਤੇ ਜਦ ਈਰਖਾਲੂ ਤੇ ਝਗੜਾਲੂ ਮਨੁਖੀ ਸੰਸਾਰੀ ਜੀਵ ਅਜਿਹੇ ਲੋਭ ਲਾਲਚ ਰਹਿਤ ਨਾਮ-ਰਸੀਲੜੇ ਨੂੰ ਨਉ-ਨਿਧੀਆਂ ਅਠਾਰਾਂ ਸਿਧੀਆਂ ਭਰਪੂਰ ਤਕਦਾ ਏ ਤਾਂ ਉਸਦਾ ਕਰੂਪ ਚਿਹਰਾ, ਬੇਰੋਕ ਜ਼ਬਾਨ ਤੇ ਕੁੜਾਵੀ ਸੰਗਤ ਉਸਦਾ ਆਪਣਾ ਆਪ ਬੇਵਸ ਕਰ ਦਿੰਦੀਆਂ ਨੇ ਤੇ ਨਤੀਜੇ ਵਜੋਂ ਬਸ'' ''ਸੰਤ ਕੀ ਨਿੰਦਾ'' ।

ਅਹਿਲਾ ਜਨਮ ਗਵਾਉਣ ਵਾਲਾ ਨਿੰਦਕ ਹਰ ਥਾਂ, ਹਰ ਪਾਸੇ ਦੁਖੋ ਦੁਖ ਵਿਹਾਏ ਵਾਲੀ ਹਾ-ਲਤ ਵਿਚ ਹੀ ਵਿਚਰਦਾ ਰਹਿੰਦਾ ਹੈ ਅਰਥਾਤ :–

ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ,
ਸੁ ਅਉਖਾ ਜਗ ਮਹਿ ਹੋਇਆ ॥
ਨਰਕ ਘੋਰੁ ਦੁਖ ਖੂਹੁ ਹੈ,
ਉਥੈ ਪਕੜਿ ਓਹੁ ਢੋਇਆ ॥
ਕੂਕ ਪੁਕਾਰ ਕੋ ਨ ਸੁਣੇ,
ਓਹੁ ਅਉਖਾ ਹੋਇ ਹੋਇ ਰੋਇਆ ॥
ਓਨਿ ਹਲਤੁ ਪਲਤੁ ਸਭੁ ਗਵਾਇਆ,
ਲਾਹਾ ਮੂਲੁ ਸਭੁ ਖੋਇਆ ॥
ਓਹੁ ਤੇਲੀ ਸੰਦਾ ਬਲਦੁ ਕਰਿ,
ਨਿਤ ਭਲਕੇ ਉਠ ਪ੍ਰਭਿ ਜੋਇਆ ॥
ਹਰਿ ਵੇਖੈ ਸੁਣੈ ਨਿਤ ਸਭੁ ਕਿਛੁ,
ਤਿਦੂ ਕਿਛੁ ਗੁਝਾ ਨ ਹੋਇਆ ॥
ਜੈਸਾ ਬੀਜੇ ਸੋ ਲੁਣੈ ਜੇਹਾ ਪੁਰਬਿ,
ਕਿਨੈ ਬੋਇਆ ॥ ਸਲੋਕ ਮਹਲਾ ੪

ਸੱਚੇ ਗੁਰਮਤ ਖੋਜੀ ਸ੍ਰੀ ਮਾਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਆਪਣੇ ਦਿੜ ਵਿਸ਼ਵਾਸ ਅਨੁਕੂਲ ਉਪਰੋਕਤ ਗੁਰਮਤ ਫਿਲਾਸਫੀ ਸਾਹਮਣੇ ਫੁਲ ਚੜ੍ਹਾਉਂਦੇ ਹੋਏ ਆਪਣੀ ਗੁਰਮਤ ਬਬੇਕ (ਸਫਾ ੨੧੧) ਵਿਚ ਲਿਖਦੇ ਹਨ:–

ਏਹ ਦੰਡ ਵਰਤਾਰਾ ਨਿੰਦਕ ਨਾਲ ਵਰਤਦਾ ਹੈ । ਕੇਵਲ ਭੈ ਦੇਣ ਖਾਤਰ ਹੀ ਏਹ ਉਪਦੇਸ਼ ਨਹੀਂ ਕਿਤੂੰ ਨਿੰਦਕ ਦੀ ਜੋ ਗਤੀ ਇਸ ਗੁਰਵਾਕ (ਉਪਰੋਕਤ ਸ਼ਬਦ) ਅੰਦਰ ਵਰਨਣ ਕੀਤੀ ਹੈ । ਭ ਯਥਾਰਥ ਹੈ । ਭੂਤ ਭਵਿਖ ਦੇ ਦਾਨੀ ਮਹਾਂ ਪੁਰਖਾਂ ਦੀ ਬਾਣੀ ਧੁਰ ਕੀ ਬਾਣੀ ਹੋਣ ਕਰਕੇ ਨਿਰੋਲ ਯਥਾਰਥ ਅਤੇ ਅੱਖਰ ਅੱਖਰ ਸੱਚ ਹੈ ।

''ਸੰਤਨ ਕੀ ਸੁਣਿ ਸਾਚੀ ਸਾਖੀ,
ਸੋ ਬੋਲਹਿ ਜੋ ਪੇਖਹਿ ਆਖੀ ॥

ਅੱਗੇ ਜਾ ਕੇ ਭਾਈ ਸਾਹਿਬ ਲਿਖਦੇ ਹਨ । 'ਸੋ ਜੋ ਭੀ ਸੁਚਿਆਰਹ ਸਿੰਘ ਹਨ ਸੋ ਇਸ ਨਿੰਦਾ ਬਿਬਰਜਤ ਉਪਦੇਸ ਨੂੰ ਕਮਾਂਉਂਦੇ ਹੋਏ ਇਸ ਬਿਬਰਜਤ ਕੁਕਰਮ ਦੇ ਨੇੜੇ ਨਹੀਂ ਜਾਂਦੇ । ਅਤੇ ਗੁਰਮਤ ਬਿਬੇਕ ਦੇ ਨਾਉਂ ਦੀ ਲਾਜ ਰਖਦੇ ਹਨ ।

ਨਿੰਦਕ ਦਾ ਦਾਰੂ,

**ਨਿੰਦਕ ਦੀਆਂ ਕੁਕਰਮਾਂ ਤੇ ਪੜਦਾ ਪਾ ਕੇ ਬਖਸ਼ਣ ਵਾਲਾ ਇਕੋ ਇਕ ਤੇ ਨਿੰਦਾ ਬਖਸ਼ਾਉ ਸਤਿਗੁਰੂ ਹੀ ਹੈ ।**

ਇਸ ਲਈ ਬੇਅੰਤ ਗੁਰ ਪ੍ਰਮਾਣ ਮਿਲਦੇ ਹਨ । ਜਿਹਾ ਕਿ :–

ਪਉੜੀ ।

ਕੋਈ ਨਿੰਦਕੁ ਹੋਵੈ ਸਤਿਗੁਰੂ ਕਾ,
ਫਿਰਿ ਸਰਣਿ ਗੁਰ ਆਵੈ ॥
ਪਿਛਲੇ ਗੁਨਹ ਸਤਿਗੁਰੂ ਬਖਸਿ ਲਏ,
ਸਤਿ ਸੰਗਤਿ ਨਾਲ ਰਲਾਵੈ ॥
ਜਿਉ ਮੀਹਿ ਵੁਠੈ ਗਲੀਆਂ ਨਾਲਿਆਂ
ਟੋਭਿਆਂ ਕਾ ਜਲੁ ਜਾਇ ਪਵੈ ਵਿਚਿ ਸੁਰਸਰੀ

(ਬਾਕੀ ਦੇਖੋ ਸਫਾ ਦਸ ਪਰ)



www.AKJ.Org

# ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ

(ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

(੪)

(ਲੜੀ ਜੋੜਨ ਲਈ ਦੇਖੋ ਸਤੰਬਰ ਦਾ ਪਰਚਾ)

ਬਾਰਹਮਾਹਾ ਮਾਝ ਮਹਲਾ ੫ ਘਰ ੪ ॥

ੴ ਸਤਿਗੁਰ ਪ੍ਰਸਾਦਿ ॥

ਕਿਰਤਿ ਕਰਮ ਕੇ ਵੀਛੁੜੇ,
ਕਰਿ ਕਿਰਪਾ ਮੇਲਹੁ ਰਾਮ ॥
ਚਾਰਿ ਕੁੰਟ ਦਹਿਦਿਸ ਭਰਮੇ,
ਥਕਿ ਆਏ ਪ੍ਰਭ ਕੀ ਸਾਮ ॥
ਧੇਨੁ ਦੁਧੈ ਤੇ ਬਾਹਰੀ,
ਕਿਤੈ ਨਾ ਆਵੈ ਕਾਮ ॥
ਜਲ ਬਿਨੁ ਸਾਖ ਕੁਮਲਾਵਤੀ,
ਉਪਜਹਿ ਨਾਹੀ ਦਾਮ ॥
ਹਰਿ ਨਾਹ ਨ ਮਿਲੀਐ ਸਾਜਨੈ,
ਕਤ ਪਾਈਐ ਬਿਸਰਾਮ ॥
ਜਿਤ ਘਰਿ ਹਰਿ ਕੰਤ ਨਾ ਪ੍ਰਗਟਈ,
ਭਠਿ ਨਗਰ ਸੇ ਗ੍ਰਾਮ ॥
ਸਰਬ ਸੀਗਾਰ ਤੰਬੋਲ ਰਸ,
ਸਣੁ ਦੇਹੀ ਸਭ ਖਾਮ ॥
ਪ੍ਰਭ ਸੁਆਮੀ ਕੰਤ ਵਿਹੂਣੀਆਂ,
ਮੀਤ ਸਜਣ ਸਭਿ ਜਾਮੁ ॥
ਨਾਨਕ ਕੀ ਬੇਨੰਤੀਆ,
ਕਰਿ ਕਿਰਪਾ ਦੀਜੈ ਨਾਮ ॥
ਹਰਿ ਮੇਲਹੁ ਸੁਆਮੀ ਸੰਗਿ ਪ੍ਰਭ,
ਜਿਸ ਕਾ ਨਿਹਚਲ ਧਾਮ ॥੧॥

ਅਜ ਪਹਿਲਾ ਦਿਨ ਸੀ ਕਿ ਮੈਨੂੰ ਇਨ੍ਹਾਂ ਦੇ ਅੰਤ੍ਰੀਵੀ ਤੇ ਅਸਲੀ ਭਾਵ ਵਿਚ ਜਿਗਰੀ ਅਨੰਦ ਹੁਲਾਸ ਅਤੇ ਬਿਰਹਾ ਸੁਲਤਾਨ ਦਾ ਬਿਰਹਾ ਬੇਧਵਾਂ ਹੁਲਾਰਾ ਆਇਆ। ਮੇਰਾ ਨੀਰ ਵਹੇ ਵਹਿ ਚਲੇ ਅਤੇ ਠਲੇ ਹੀ ਨਾ। ਬੈਰਾਗ ਦਾ ਕੜ ਪਾਟ ਗਿਆ ਮਧੁਰ ਧੁਨੀ ਦਾ ਵੈਰਾਗ ਮਈ ਕੀਰਤਨ ਛਿੜ ਗਿਆ। ਬਾਹਰੋਂ ਉਠਕੇ ਆਪਣੇ ਕਮਰੇ ਵਿਚੋਂ ਭਾ: ਰੂੜ ਸਿੰਘ ਭੀ ਆ ਕੇ ਨਾਲ ਜੁਟ ਗਏ। ਇਨ੍ਹਾਂ ਨੂੰ ਰਾਗ ਦੇ ਘਰ ਦੀ ਖਾਸੀ ਪਰਖ ਸੀ। ਪਿਛਲੀਆਂ ਦੋ ਤੁਕਾਂ ਤੇ ਆ ਕੇ ਤਾਂ ਉਹ ਬਿਨੈ ਅਲਾਪ ਹੋਇਆ ਕਿ ਬੈਰਾਗ ਲੀਨਤਾ ਦੋਹਾਂ ਤੁਕਾਂ ਦੇ ਭਾਵ ਵਿਚ ਲੀਨ ਕਰ ਗਈ। ਮਾਨੋ ਮੈਂ ਉਕਤ ਦੁਤੁਕੀ ਦੇ ਅਨੁਭਵੀ ਭਾਵ ਦਾ ਸਰੂਪ ਬਣ ਗਿਆ। ਮੈਨੂੰ ਐਸਾ ਜਾਪੇ ਕਿ ਇਹ ਦੋ ਤੁਕਾਂ ਵਾਲੀ ਬੇਨਤੀ ਗੁਰੂ ਸਾਹਿਬ ਨੇ ਖਾਸ ਅਜ ਦੀ ਦਸ਼ਾ ਵਾਸਤੇ ਹੀ ਮੇਰੇ ਨਮਿਤ ਵਿਚਾਰ ਕੇ ਮੇਰੇ ਲਈ ਹੀ ਸਾਂਭ ਕੇ ਰਖੀ ਸੀ। ਭੂਤ ਭਵਿਖਤ ਦੇ ਦਾਨੀ ਨੇ ਇਹ ਬਿਨੈ ਸੰਥਿਆ ਕੇਵਲ ਮੇਰੇ ਸਿਖਾਉਣ ਲਈ ਹੀ ਰਚੀ ਸੀ। ਕਰਿ 'ਕਿਰਪਾ ਦੀਜੈ ਨਾਮੁ' ਤੇ "ਹਰਿ ਮੇਲਹੁ ਸੁਆਮੀ ਸੰਗਿ" ਪ੍ਰਤਿ ਇਹ ਦੋਈ ਮੇਰੀਆਂ ਅੰਤਰੀਵੀ ਸਿਕਾਂ ਸਨ।

**ਮੇਰੀਆਂ ਦੋ ਸਿਕਾਂ** ਜੋ ਹੁਣ ਪਪੀਹੇ ਦੀ ਪੁਕਾਰ ਬਣ ਗਈਆਂ। ਮੇਰਾ ਰੋਮ ਰੋਮ ਇਹੋ ਪੁਕਾਰ ਪੁਕਾਰੇ। ਮੇਰਾ ਰਗੋ ਰੇਸ਼ਾ ਇਹੋ ਧੁਨੀ ਉਚਾਰੇ। ਮੈਥੋਂ ਇਸ ਪੁਕਾਰ ਦਾ ਉਚਾਰਨ ਛਡਿਆ ਨਾ ਜਾਵੇ। ਮੈਨੂੰ ਆਸ



www.AKJ.Org

ਤਾਂ ਬੱਝ ਹੀ ਚੁਕੀ ਸ਼ੀ ਕਿ ਕਿਰਪਾ ਪ੍ਰਾਤਾ-ਕਾਲ ਨਾਮ ਦੀ ਹੋ ਜਾਣੀ ਹੈ । ਗ਼ੈਬੀ ਇਸ਼ਾਰਾ ਮੈਨੂੰ ਹੋ ਚੁਕਾ ਸੀ ਤੇ ਇਹ ਗ਼ੈਬੀ ਇਸ਼ਾਰਾ ਮੇਰੇ ਸ਼ਰਧਾਲੂ ਆਤਮੇ ਅੰਦਰ ਡੂੰਘਾ ਉਤਰ ਗਿਆ ਪਰ ਜਿਉਂ ੨ ਆਸ ਭਰੋਸਾ ਬਝਦਾ ਗਿਆ ਤਿਉਂ ਤਿਉਂ ਮੇਰੀ ਉਪਰਲੀ ਬਿਨੈ-ਕੀਰਤ-ਪੁਕਾਰ ਹੋਰ ਭੀ ਸੁਆਦਲੀ ਦਸ਼ਾ ਵਿਚ ਵਧਦੀ ਗਈ । ਮੈਂ ਆਪਣੇ ਆਪ ਵਿਚ ਬੇਨਤੀ ਦਾ ਬੁੱਤ ਜਿਹਾ ਬਣਿਆ ਹੋਇਆ ਪ੍ਰਤੀਤ ਹੋਵਾਂ । ਮੈਨੂੰ ਇਸੇ ਦਸ਼ਾ ਵਿਚ ਉਥੋਂ ਉਠਾ ਕੇ ਭਾਈ ਰੂੜ ਸਿੰਘ ਜੀ ਇਸ਼ਨਾਨ ਅਸਥਾਨ ਵਿਚ ਲੈ ਗਏ ਤੇ ਇਸ਼ਨਾਨ ਕਰਾਇਆ ਇਸ਼ਨਾਨ ਦੇ ਪ੍ਰਤਾਪ ਨਾਲ ਸ਼ਾਂਤਿ ਰਸ ਛਾ ਗਿਆ ਤੇ ਮੈਂ ਗੁਰਬਾਣੀ ਨਿਤਨੇਮ ਦੀ ਬਾਣੀ ਦਾ ਅਨੰਦ ਲੈਣ ਲਗਾ । ਮੈਨੂੰ ਪਤਾ ਨਹੀਂ ਸੀ ਕਿ ਕਿਤਨੀ ਕੁ ਰਾਤ ਗੁਜ਼ਰੀ ਤੇ ਕਿਤਨੀ ਕੁ ਰਹਿੰਦੀ ਸੀ । ਬ੍ਰਿਤੀ ਅਫੁਰ ਸੰਸਕਾਰ ਰਹਿਤ ਹੋ ਚੁਕੀ ਸੀ ਉਪਰੋਂ ਸੁਖਮਨੀ ਸਾਹਿਬ ਜੀ ਦੇ ਪਾਠ ਨੇ ਉਹ ਸ਼ਾਂਤੀ, ਸ਼ਰਧਾ, ਸਿਦੱਕ ਤੇ ਧਰ-ਵਾਸ ਵਰਤਾਇਆ ਕਿ ਅਕੱਥਨੀਯ ਹੈ ਸਿਦਕ ਹੁਲਾਸ ਨਾਲ ਭਰਿਆ ਮੇਰਾ ਹਿਰਦਾ ਘਟ ਡਲ੍ਹ ੨ ਕਰੇ । ਚਾਉ ਚੜ੍ਹਿਆ ਹੋਇਆ ਅੰਗਾਂ ਵਿਚ ਫੁਲਿਆ ਮੇਵੇ ਸਮਾਵੇ ਨਾਂਹੀ । ਮੈਨੂੰ ਮਸਾਂ ਪ੍ਰਭਾਤ ਆਈ ਮਹਾਰਾਜ ਦੇ ਪ੍ਰਕਾਸ਼ ਹੋਣ ਦੇ ਸਮੇਂ ਤੋਂ ਦਸ ਮਿੰਟ ਪਹਿਲਾਂ ਹੀ ਗੁਰਦੁਆਰੇ ਹੋਇ ਕੇ ਸਾਹਿਬ ਸੰਮਾਲਣ ਦੀ ਠਾਣ ਲਈ । ਮੈਂ ਖਾਸਾ ਚਿਰ ਪਹਿਲਾਂ ਹੀ ਆਪਣੀ ਗੁਫਾ ਵਿਚੋਂ ਉਠ ਕੇ ਹੇਠਾਂ ਆਉਣ ਨੂੰ ਤਿਆਰ ਹੋ ਗਿਆ ਤੇ ਪਊਏ ਪਾਈ ਹੌਲੀ ੨ ਗੁਰਦੁਵਾਰੇ ਵਲ ਧਾਈ ਕੀਤੀ । ਗੁਰ ਮੰਤਰ ਦੇ ਸਪਸ਼ਟਾਉਣ ਦੀ ਰਮਜ਼ੀ ਖੇਦ ਨੂੰ ਗੁਰੂ ਦੁਆਰਿਓਂ ਅੰਕ੍ਰਿਤ ਹੋਣ ਦੀ ਭਾਵਨਾਂ ਹਿਰਦੇ ਅੰਦਰ ਰਖਦੇ ਹੋਏ ਗੁਰਦੁਆਰੇ ਓਰ ਜਾਂਦਿਆਂ ਜਾਂਦਿਆਂ ਇਹ ਬਿਨੈ ਜੋਦੜੀ ਸਫੁਰ ਹੋਈ ਕਿ ਗੁਰਮੰਤ੍ਰ ਦੇ ਦ੍ਰਿੜ੍ਹ ਕਰਾਉਣ ਹਿਤ ਜੋ ਗੁਰਵਾਕ ਸ੍ਰੀ ਗੁਰੂ ਗਰੰਥ ਸਾਹਿਬ ਦੁਆਰਿਓਂ ਹੁਕਮਾ-ਇਆ ਜਾਵੇਗਾ ਗੁਰਵਾਕ ਅੰਦਰ ਰਮਜ਼ ਮਾਤਰ ਭੀ ਜੋ ਇਸ਼ਾਰਾ ਗੁਰਮੰਤ੍ਰ ਪ੍ਰਥਾਇ ਹੋਵੇਗਾ ਉਹ ਸੰਪੂਰਨ ਗੁਰਮੰਤ੍ਰ ਸਿਮਰਨ ਨਮਿੱਤ ਨਿਸਚਿਤ ਕੀਤਾ ਜਾਵੇਗਾ । ਉਸ ਸਮੇ ਹਿਰਦੇ ਦ੍ਰਿਸ਼ਟੀ ਗੋਚਰ ਜਿਤਨੇ ਨਾਮ ਭੀ ਗੁਰਬਾਣੀ ਅੰਦਰ ਆਏ ਸਨ ਉਨ੍ਹਾਂ ਵਿਚੋਂ ਜਿਸ ਨਾਮ ਦਾ ਇਸ਼ਾਰਾ ਰਮਜ਼ ਮਾਤ੍ਰ ਭੀ ਹੋਵੇਗਾ, ਉਸ ਨਾਮ ਨੂੰ ਸਤਿ-ਨਾਮ ਸਿਮਰਨ ਯੋਗ ਗੁਰਮੰਤ੍ਰ ਨਾਮ ਦ੍ਰਿੜ ਕਰ ਮੰਨਿਆ ਜਾਵੇਗਾ । ਇਸ ਤੋਂ ਛੁਟ ਦੂਤੀ ਸਮੂਹ ਨਾਮ ਜੋ ਗੁਰਬਾਣੀ ਅੰਦਰ ਆਏ ਹਨ ਉਹ ਕ੍ਰਿਤਮ ਨਾਮ ਸਮਝੇ ਜਾਣਗੇ । ਗੁਰਬਾਣੀ ਅੰਦਰ ਪੇਖੇ ਪਠਨ ਕੀਤੇ ਜੋ ਸਨਮੁਖ ਚਿਤ੍ਰਤ ਸਨ, ਉਨ੍ਹਾਂ ਵਿਚੋਂ 'ਗੁਰੂ' ਅਤੇ 'ਵਾਹੁ' ਪਦ ਜੇ ਆਏ ਜਾਂ ਇਨ੍ਹਾਂ ਦੋਹਾਂ ਵਿਚੋਂ ਕੋਈ ਇਕ ਭੀ ਆਇਆ ਤਾਂ ਉਸ ਤੋਂ ਇਹ ਸੰਭਾਵਨਾ ਹੋਵੇਗੀ ਕਿ ਇਹ 'ਵਾਹਿਗੁਰੂ' ਨਾਮ ਵਲ ਇਸ਼ਾਰਾ ਹੈ, ਗੁਰੂ ਗੁਰੂ ਅਤੇ ਵਾਹੁ ਵਾਹੁ ਦਾ ਜਾਪ ਪੂਰਾ ਸ਼ਬਦ 'ਵਾਹਿਗੁਰੂ' ਸਿਮਰਨ ਦਾ ਰਮਜ਼ੀ ਹੁਕਮ ਹੋਵੇਗਾ । ਦ੍ਰਿਸ਼ਟਾਂਤ ਮਾਤਰ ਜੇ ਕਰ ਇਹ ਹੁਕਮ ਆਇਆ 'ਗੁਰੂ ਗੁਰੂ ਗੁਰੁ ਕਰਿ ਮਨ ਮੋਰ' ਗੁਰੂ ਬਿਨਾ ਮੈਂ ਨਾਹੀਂ ਹੋਰ' ॥ ਤਦ ਇਹ ਗੁਰੂ ਪਦ ਸੰਪੂਰਨ 'ਵਾਹਿਗੁਰੂ' ਜਾਪ ਦਾ ਬੋਧਕ ਹੋਵੇਗਾ । ਅਥਵਾ ਇਉਂ ਆ ਗਿਆ ਮੇਰੇ ਮਨ ਗੁਰ ਗੁਰ ਗੁਰ ਸਦ ਕਰੀਐ । ਰਤਨ ਜਨਮੁ ਸਫਲ ਗੁਰਿ ਕੀਆ ਦਰਸਨ ਕਉ ਬਲਿਹਰੀਐ' 'ਤਦ ਭੀ ਇਹ ਹੁਕਮ 'ਵਾਹਿਗੁਰੂ' ਸਿਮਰਨ ਪ੍ਰਥਾਇ ਦ੍ਰਿੜ੍ਹ ਕੀਤਾ ਜਾਵੇਗਾ । ਇਸ ਪ੍ਰਕਾਰ ਦੀ ਪ੍ਰਿਥਮ ਹੀ ਧਾਰਨਾ ਧਾਰ ਕੇ ਚਿਤਵਨੀ

ਚਿਤਵਦਿਆਂ ਗੁਰਦੁਆਰੇ ਵਲ ਧਾਈ ਕਰੀ ਚਲਿਆ ਜਾ ਰਿਹਾ ਸਾਂ ।



www.AKJ.Org

## ਨਾਮ ਦੀ ਪ੍ਰਾਪਤੀ

ਪਰ ਮਲਕ ੨ ਪੈਰ ਧਰਾਂ। ਜਦੋਂ ਮੈਂ ਅਤਿ ਨੇੜੇ ਢੁਕਾ ਤਾਂ ਮਧੁਰ ੨ ਪਾਠ ਦੀ ਰਸੀਲੀ, ਅਤਿ ਮਨ-ਮੋਹਣੀ ਦਿਲ ਖਿਚਵੀਂ ਧੁਨੀ ਸੁਣੀ, ਜੋ ਮੈਨੂੰ ਮਸਤ ਕਰੀ ਜਾਵੇ ਪਰ ਬਾਣੀ ਸਪਸ਼ਟ ਤੌਰ ਦੇ ਸੁਣੀ ਤੇ ਸਮਝੀ ਨਾ ਜਾਵੇ। ਬੜਾ ਹੈਰਾਨ ਕਿ ਅਜ ਸੁਵਖਤੇ ਹੀ ਕਿਸ ਨੇ ਮਹਾਰਾਜ ਦਾ ਪ੍ਰਕਾਸ਼ ਕੀਤਾ ਹੈ ਤੇ ਕੌਣ ਐਸੀ ਚਿੱਤ ਚੀਰਵੀਂ ਪਰੇਮ ਲਟਕ ਵਿਚ ਅਟਕ ੨ ਕੇ ਤੇ ਲਮਕ ੨ ਕੇ ਪਾਠ ਕਰ ਰਿਹਾ ਹੈ। ਜਦ ਮੈਂ ਐਨ ਦਰਵਾਜ਼ੇ ਦੀ ਦੇਹੁਲੀ ਪਾਸ ਪੁਜਾ ਅਤੇ ਅੰਦਰ ਵਾਰ ਵੜਨ ਲਗਾ ਤਾਂ ਮੇਰਾ ਸੀਸ ਇਕ ਦਮ ਝੁਕ ਗਿਆ ਅਤੇ ਫੱੜਕ ਮੇਰੇ ਸਰਵਣ ਸਰੋਤ ਦੇ ਦਰਵਾਜ਼ੇ ਅੰਦਰ ਏਹ ਦੋ ਤੁਕਾਂ ਸਪਸ਼ਟ ਆ ਪਈਆ। ਯਥਾ ਦਤੁਕੀ:—

ਵੇ ਮੁਹਤਾਜਾ ਵੇ ਪਰਵਾਹੁ। ਨਾਨਕ ਦਾਸ ਕਹਹੁ ਗੁਰ ਵਾਹੁ' ਦੀ ਐਸੀ ਜ਼ਬਰਦਸਤ ਚੁੰਬਕ ਕਲਾ ਵਾਲੀ ਸੱਟ ਪਈ ਕਿ ਤੁਰਤ 'ਵਾਹਿਗੁਰੂ' 'ਵਾਹਿਗੁਰੂ' ਦੀ ਝਰਨਾਟ ਦਾ ਰਾਗ ਮੇਰੇ ਰਗ ਰੇਸ਼ੇ ਤੇ ਲੂੰ ੨ ਅੰਦਰ ਛਿੜ ਗਿਆ। ਮਾਨੋ ਕੋਈ ਅਗੰਮ ਦੀ ਅਨਾਹਦ ਚਾਬੀ ਮੇਰੇ ਘਟ ਰੂਪੀ ਘੜੀ ਨੂੰ ਲਗ ਗਈ ਮੇਰੇ ਰੋਮ ੨ ਨੂੰ ਜੀਭਾਂ ਲਗ ਗਈਆਂ, ਜਿਨ੍ਹਾਂ ਵਿਚੋਂ ਉਹ ਚੁਅਖਰਾ ਜਾਪ (ਵਿਰਦ) ਛਿੜ ਪਿਆ ਸੱਟ ਪੈਂਦੇ ਸਾਰ ਹੀ ਮੈਂ ਉਭੜਕੇ ਮਹਾ-ਰਾਜ ਦੀ ਚਰਨ ਸਰਨ ਡੰਡੌਤ ਵਿਚ ਜਾ ਪਿਆ, ਪਰ ਮੈਨੂੰ ਇਹ ਪਤਾ ਨਹੀਂ ਕਿ ਕਿਹੜੀ ਤਾਕਤ ਕਿਹੜੀ ਅਮਰਕਲਾ ਨੇ ਮੈਨੂੰ ਗੁਰਦੁਆਰੇ ਦੀ ਦੇਹੁਲੀ ਵਿਚੋਂ ਉਭੜਾ ਕੇ ਤੇ ਉਛਾਲਾ ਦੇ ਕੇ ਇਕ ਛਿਨ ਮਾਤ੍ਰ ਅੱਖ ਦੇ ਫੋਰ ਵਿਚ ਗੁਰੂ ਸਾਹਿਬ ਦੇ ਨਿਕਟ ਸਨਮੁਖੀ ਹਜ਼ੂਰੀ ਸਰਣਾਗਤ ਵਿਚ ਧੜੰਮ ਜਾ ਸਿਟਿਆ। ਪਾਠ ਹੋਣਾ ਓਦੋਂ ਹੀ ਬੰਦ ਹੋ ਚੁਕਾ ਸੀ। ਮੈਂ ਡੰਡੌਤ ਵਿਚੋਂ ਉਠ ਕੇ ਗੁਰੂ ਸਾਹਿਬ ਜੀਦੇ ਦਰਸ਼ਨ ਕੀਤੇ ਤੇ ਫਤਰ ਬੁਲਾਈ ਤਾਂਕੀ ਦੇਖਾਂ।

## ਅਚਰਜ ਕੌਤਕ

'ਮਹਾਰਾਜ ਜੀ ਉਤੇ ਚੌਰ ਹੋ ਰਿਹਾ ਹੈ ਪਰ ਤਾਬੇ ਕੋਈ ਨਹੀਂ, ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਰਵਾਰ ਚੰਦੋਆ ਸਾਹਿਬ ਤੇ ਸ੍ਰੀ ਗੁਰੂ ਸਾਹਿਬ ਦੇ ਵਿਚਕਾਰ ਅਦੁਤੀ ਚਮਤਕਾਰਕ ਅਤੇ ਝਿਲਮਿਲਕਾਰ ਛਬੰਨੀ ਚੱਕ੍ਰਤ ਚਿੱਤਰਕਾਰੀ ਵਿਚ 'ਵਾਹਿਗੁਰੂ' ਸ਼ਬਦ ਚਿਤਰਿਆ ਝਿਲਮਿਲ ਝਿਲਮਿਲ ਕਰੇ।

## ਅਲੌਕਿਕ ਗੁਰਮੰਤ੍ਰ ਚਿੱਤ੍ਰਕਾਰੀ

ਜੋ ਆਸਰੇ ਬਿਹੂਣ ਹਵਾ ਵਿਚ ਮੁਅਲਕ ਟਿਕਿਆ ਲਹਿਰੇ ਮਾਰੇ। ਗੁਰਦੁਆਰੇ ਦੇ ਹਵਾਈ ਪੁਲਾੜ ਵਿਚ ਚਾਰ ਚੁਫੇਰੇ ਇਹੋ ਹੀ ਕਉਤਕ ਵਰਤ ਰਿਹਾ ਸਾਂਗੋ ਪਾਂਗ ਦਿਸੇ। ਮੈਂ ਸਿਦਕ ਵਿਚ ਪੰਘਰ ਕੇ ਸਿਦਕ ਦਾ ਰੂਪ ਹੋ ਗਿਆ। ਗੁਰੂ ਸਾਹਿਬ ਤੇ ਮੇਰੇ ਬਿਨਾਂ ਗੁਰਦੁਆਰੇ ਵਿਚ ਕੋਈ ਨਾ, ਪਰ ਚੌਰ ਹੋਈ ਜਾਵੇ। ਨਾ ਚੌਰ ਕਰਨ ਵਾਲਾ ਹਥ ਦਿਸੇ ਤੇ ਨਾ ਕੋਈ ਚੌਰ ਕਰਨ ਵਾਲਾ ਨਜ਼ਰ ਆਵੇ। ਮੈਂ ਬਿਸਮਾਦ ਪਰ ਸਿੱਦਕ ਵਿਚ ਬਿਸਮਾਦ ਹੋ ਗਿਆ, ਅਤੇ ਧੰਨ ਗੁਰੂ ਦੀ ਸੰਕੇਤਕ ਮਹਿਮਾ ਵਾਲੇ 'ਵਾਹਿਗੁਰੂ' ਨਾਮ ਦੀ ਝਨਕਾਰ ਹੋਰ ਭੀ ਬਿਸਮ ਰੰਗਾਂ ਵਿਚ ਅਰੂੜ੍ਹ ਹੋ ਤੁਰੀ। ਧੌਣ ਨੀਵੀ ਸੁਟ ਲਈ ਤੇ ਮੇਰੇ ਹਥ ਜੁੜ ਗਏ, ਗਲ ਵਿਚ ਪਲੂ ਪਿਆ ਹੋਇਆ ਸੀ। ਮੈਂ ਬੜੇ ਅਦਬ ਭੈ ਭਾਵਨੀ ਨਾਲ ਮਹਾਰਾਜ ਜੀ ਦੀ ਪ੍ਰਕਰਮਾਂ ਕਰਨ ਲਗ ਗਿਆ, ਮੈ ਪ੍ਰਕਰਮਾਂ ਕਰ ਹੀ ਰਿਹਾ ਸੀ ਕਿ ਇਤਨੇ ਨੂੰ ਗਰੰਥੀ ਸਿੰਘ ਅੰਦਰ ਵਾਰ ਤੇ ਪਰਲੇ ਪਾਸਿਓਂ ਨਿਕਲ ਆਇਆ। ਉਸਨੂੰ ਦੇਖ ਮੈਂ ਠਠੰਬਰ ਕੇ ਭੂਰੇ ਦੀ ਬੁਕੱਲ



www.AKJ.Org

ਮਾਰ ਮਹਾਰਾਜ ਦੇ ਸਨਮੁਖ ਹੋ ਕੇ ਬੈਠ ਗਿਆ। ਗ੍ਰੰਥੀ ਭਾਈ ਨੇ ਆਉਂਦੇ ਹੀ ਪੁਛਿਆ ਕਿ ਪ੍ਰਕਾਸ਼ ਕਿਸ ਨੇ ਕੀਤਾ ਹੈ ? ਕੀ ਤੁਸੀਂ ਕੀਤਾ ਹੈ ? ਮੈਂ ਉਪਰ ਨੂੰ ਸਿਰ ਚੁਕ ਕੇ ਉਸ ਵਲ ਦੇਖਿਆ, ਪਰ ਮੈਥੋਂ ਉਤਰ ਕੁਝ ਨ ਦਿਤਾ ਗਿਆ, ਪਰ ਹੁਣ ਮਹਾਰਾਜ ਜੀ ਉਤੇ ਚੌਰ ਹੁੰਦਾ ਨਾ ਦਿਸੇ ਅਤੇ ਉਹ ਅਲੌਕਿਕ ਗੁਰਮੰਤ੍ਰ ਚਿਤ੍ਰਕਾਰੀ ਭੀ ਗੁੰਮ। ਇਤਨੇ ਨੂੰ ਗ੍ਰੰਥੀ ਸਿੰਘ ਦਾ ਛੋਟਾ ਭਾਈ ਭੀ ਆ ਗਿਆ ਜੋ ਬਹੁਤ ਗੁਰਮੁਖ ਸੀ। ਉਸ ਨੂੰ ਭੀ ਗ੍ਰੰਥੀ ਨੇ ਉਹੋ ਪੁਛ ਗਿਛ ਕੀਤੀ। ਪਰ ਉਸ ਨੇ ਵੀ ਕੰਨਾਂ ਤੇ ਹਥ ਰਖਿਆ। ਉਹ ਫੇਰ ਚੁਪ ਹੋ ਗਏ। ਮੈਨੂੰ ਪਤਾ ਨਹੀਂ ਕਿ ਉਨ੍ਹਾਂ ਕੀ ਸਮਝਿਆ ਵਿਚਾਰਿਆ ਤੇ ਕਿਵੇਂ ਖਿਆਲ ਕੀਤਾ ਹੋਊ। ਫੇਰ ਗ੍ਰੰਥੀ ਜਦੋਂ ਤਾਬੇ ਬੈਠ ਕੇ ਅਵਾਜ਼ਾ ਲੈਣ ਨੂੰ ਰੁਮਾਲ ਚੁਕਣ ਲਗਾ ਜੋ ਗੁਰੂ ਸਾਹਿਬ ਉਧਰ ਦਿਤਾ ਹੋਇਆ ਸੀ, ਤਾਂ ਮੈਂ ਛੱੜਪ ਦੇ ਕੇ ਤਾਬੇ ਵਲ ਨੂੰ ਆ ਖੜਾ ਹੋਇਆ। ਉਧਰ ਗ੍ਰੰਥੀ ਨੇ ਅਵਾਜ਼ਾ ਪੜ੍ਹਨਾ ਅਰੰਭ ਦਿਤਾ। ਆਵਾਜ਼ੇ ਦਾ ਜੋ ਵਾਕ ਸੀ, ਉਹ ਦਰਸ਼ਨ ਕਰਨ ਤੋਂ ਇੰਨਬਿੰਨ ਉਹੀ ਨਿਕਲਿਆ, ਜੋ ਮੈਂ ਸੁਣਿਆ ਸੀ। ਜਾਂ ਮੇਰਾ ਸੁਣਿਆ ਪੇਖਿਆ ਇਕ ਹੋ ਗਿਆ ਤਾਂ ਮੈਂ ਹੋਰ ਭੀ ਹੱਕਾ ਬੱਕਾ ਰਹਿ ਗਿਆ। ਮੈਂ ਮੂੰਹੋਂ ਮੂੰਹ ਮਹਾਰਾਜ ਜੀ ਦੇ ਅਗਰ ਭਾਗ ਜਾ ਪਿਆ। ਗ੍ਰੰਥੀ ਤਾਂ ਵਾਕ ਲੈ ਕੇ ਬਾਹਰ ਚਲਿਆ ਗਿਆ, ਉਸਦਾ ਪ੍ਰੇਮੀ ਭਾਈ ਬੜੇ ਪਿਆਰ ਸਤਿਕਾਰ ਨਾਲ ਸਹਿਮ ਕੇ ਮੇਰੇ ਕੋਲ ਆ ਬੈਠਾ ਤੇ ਮੈਨੂੰ ਆਖਣ ਲਗਾ 'ਇਉਂ ਕਿਉਂ ਪਏ ਹੋ'' ਮੈਂ ਆਖਿਆ ਜੀ ? ਅਰਦਾਸਾ ਸੋਧ ਕੇ ਚੁਭਾ ਮਾਰ ਕੇ ਮੇਰੇ ਨਮਿਤ ਵਾਕ ਲੈ ਦਿਓ। ਉਸ ਕਿਹਾ ਅਰਦਾਸਾ ਮੈਂ ਕਰ ਦਿੰਦਾ ਹਾਂ ਵਾਕ ਤੁਸੀਂ ਲਵੋ। ਮੈਂ ਆਖਿਆ ਚੁਭਾ ਭੀ ਤੁਸੀਂ ਹੀ ਮਾਰ ਦਿਓ। ਮੈਂ ਖੜਾ ਖੜੋਤਾ ਵਾਕ ਲੈ ਲਵਾਂਗਾ। ਮੈਂ ਤਾਬੇ ਨਹੀਂ ਬੈਠਣਾ ਤੁਸੀਂ ਬੈਠੇ ਰਹੋ। ਉਸ ਪ੍ਰੇਮੀ ਨੇ ਮੰਨਣ ਵਿਚ ਹੁੱਤ ਨਹੀਂ ਕੀਤੀ। ਬੜੇ ਪ੍ਰੇਮ ਨਾਲ ਅਰਦਾਸਾ ਸੋਧਿਆ, ਬੜੀ ਸਿਦਕ ਭਾਵਨੀ ਨਾਲ ਅੰਤਰ ਧਿਆਨ ਹੋ ਕੇ ਚੁੱਭਾ ਮਾਰਿਆ। ਜਾਂ ਮੈਂ ਵਾਕ ਲਿਆ ਤਾਂ ਐਨ ਪ੍ਰਥਮ ਪੰਨੇ ਦੀ ਪਹਿਲੀ ਸਤਰ ਦਾ ਅਰੰਭ ਇਹ ਸੀ ਜਿਸ ਤੇ ਦ੍ਰਿਸ਼ਟੀ ਚੁੰਭਕ ਫੁਰਤੀ ਨਾਲ ਜਾ ਟਿਕੀ :–

## ਨਾਮ ਦੀ ਮਹਿਮਾ ਤੇ ਸਿਮਰਨ ਦੀ ਵਯਾਖਯਾ

ਮ: ੩ ॥ ਵਾਹੁ ਵਾਹੁ ਕਰਤੀ ਰਸਨਾ ਸਬਦਿ ਸੁਹਾਈ ॥ ਪੂਰੇ ਸਬਦਿ ਪ੍ਰਭੁ ਮਿਲਿਆ ਆਈ ॥ ਵਡਭਾਗੀਆ ਵਾਹੁ ਵਾਹੁ ਮੁਹਹੁ ਕਢਾਈ ॥ ਵਾਹੁ ਵਾਹੁ ਕਰਹਿ ਸੇਈ ਜਨ ਸੋਹਣੇ ਤਿਨ ਕਉ ਪਰਜਾ ਪੂਜਣ ਆਈ ॥ ਵਾਹੁ ਵਾਹੁ ਕਰਮਿ ਪ੍ਰਾਪਤਿ ਹੋਵੈ ਨਾਨਕ ਦਰਿ ਸਚੈ ਸੋਭਾ ਪਾਈ ॥੨॥ (ਗੂਜਰੀ ਕੀ ਵਾਰ ਮ: ੩) ਪੜ੍ਹਨ ਸਾਰ ਹੀ ਮੇਰੀ ਰਸਨਾ ਤੇ ਮੋਹਰ ਲਗ ਗਈ। ਪੂਰੇ ਸ਼ਬਦ ਦੀ ਤੇ ਇਸ ਪੂਰੇ ਸ਼ਬਦ ਕਰਕੇ 'ਪ੍ਰਭੁ ਮਿਲਿਆ ਆਈ'' ਦੀ ਸਫਲ ਬਿਵਸਥਾ ਸ਼ੀਘਰ ਹੀ ਵਾਪਰ ਜਾਣ ਦਾ ਰਾਈ ਸੰਸਾ ਸੰਦੇਹ ਨਾ ਰਿਹਾ ਅਤੇ ਇਸ ਗਲ ਦੀ ਦ੍ਰਿੜ੍ਹਤਾ ਮੇਰੇ ਰੋਮ ਰੋਮ ਅੰਦਰ ਅੰਕ੍ਰਿਤ ਹੋ ਗਈ ਕਿ ਸਚ ਮੁਚ ਸਤਿਗੁਰੂ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਗੁਰਮੰਤ੍ਰ ਰੂਪੀ ਸਚੇ ਰਤਨ ਹੀਰੇ ਨੂੰ ਕੱਢ ਕੇ ਤਲੀ ਪਰ ਰੱਖ ਦਿਤਾ ਹੈ :–ਰਤਨੁ ਜਵੇਹਰੁ ਲਾਲੁ ਹਰਿ ਨਾਮਾ ਗੁਰਿ ਕਾਢਿ ਤਲੀ ਦਿਖ-ਲਾਇਆ ॥ ਧਾਈ ਕਰਕੇ ਇਸ ਥੋਂ ਪ੍ਰਥਮ ਸਲੋਕ ਪਤ੍ਰਾ ਪਰਤ ਕੇ ਪੜਿਆ ਤਾਂ ਹੋਰ ਪਤਾ ਲਗਾ ਕਿ 'ਵਾਹੁ ਵਾਹੁ ਆਪ ਅਖਾਇੰਦਾ ਹੈ ਅਤੇ ਅਖਾਇੰਦਾ 'ਗੁਰ ਸਬਦੀ' ਹੈ। ਨਾਲੇ ਇਹ ਪਤਾ ਲਗਾ ਕਿ 'ਵਾਹੁ ਵਾਹੁ ਸਿਫਤ ਸਲਾਹ' ਹੈ ਜੋ ਜਪੁਜੀ ਸਾਹਿਬ ਦੇ ਪਾਠ



www.AKJ.Org

ਵਿਚ ਪੜ੍ਹਦੇ ਹੁੰਦੇ ਸੀ 'ਸਾਲਾਹੀ ਸਾਲਾਹ' ਉਹ ਇਕੋ ਸਿਫਤ ਸਾਲਾਹ ਹੈ ਤੇ ਨਾਲੇ ਇਸ ਸਲੋਕ ਵਿਚੋਂ ਇਹ ਪਤਾ ਲਗਾ ਕਿ 'ਵਾਹੁ' ਇਸ ਪੂਰੇ ਸਬਦਿ ਰੂਪੀ ਨਾਮ (ਗੁਰਮੰਤ੍ਰ ਵਾਹਿਗੁਰੂ) ਦੇ ਜਾਪ ਮਈ ਸਿਫਤ ਸਲਾਹ ਕਰਦੇ ਹੋਇਆਂ ਹੀ 'ਸਚ ਮਿਲਾਵਾ' ਹੁੰਦਾ ਹੈ ਅਤੇ 'ਪ੍ਰਭੁ ਪਾਇਆ ਜਾਂਦਾ ਹੈ। ਮੈਨੂੰ ਇਸ ਸਾਰੀ ਪਉੜੀ ਦੇ ਭੋਗ ਪਾਉਣ ਸਾਰ ਹੀ ਅੰਤਰ ਗਤੀ ਇਹ ਪ੍ਰੇਰਨਾ ਹੋਈ ਕਿ ਅਗਾੜੀ ਦੀਆਂ ਪਉੜੀਆਂ ਭੀ ਸਲੋਕਾਂ ਸਹਿਤ ਪੜ੍ਹਾਂ। ਪ੍ਰੇਰਨਾ ਹੁੰਦੇ ਸਾਰ ਮੈਂ ਅਗਲਾ ਸਲੋਕ ਪੜ੍ਹਨ ਲਗ ਪਿਆ ਤੇ ਮੈਨੂੰ ਨਾਮ ਦੀ (ਸਿਫਤ ਸਲਾਹਿ) ਮਹਿਮਾ ਹੋਰ ਤੋ ਹੋਰ ਵਧੀਕ ਪ੍ਰਗਟੀਂਦੀ ਜਾਇ; ਐਥੋਂ ਤਾਈ ਕਿ 'ਸਦਾ ਅਨੰਦ ਹੋਵਣ' ਹਰਿ ਸਿਉ ਲਿਵ ਲਾਉਣ' ਤੇ ਸਤਿ ਰਜ਼ਾ ਵਿਚ ਸਮਾਉਣ' ਦਾ ਏਹੀ ਕੇਵਲ ਏਹੀ, ਵਸੀਲਾ ਹੈ। ਅਗਲੇਰੇ ਸਲੋਕ ਤੋਂ ਸਪਸ਼ਟ ਹੋਇਆ ਕਿ 'ਵਾਹੁ ਵਾਹੁ' ਪੂਰੇ ਸ਼ਬਦ ਅਰਥਾਤ (ਸਿਫਤ ਸਲਾਹ) ਰੂਪੀ ਬਾਣੀ ਸਚ (ਅਸਲ ਸਚ) ਹੈ ਜੋ ਕੇਵਲ 'ਗੁਰਮੁਖਿ ਲਧੀ ਭਾਲਿ। ਫੇਰ ਇਹ ਕਿ ਇਸ ਸਿਫਤ ਸਲਾਹ ਨੂੰ 'ਸਬਦੇ' (ਬੈਖਰੀ ਬਾਣੀ ਦੁਆਰਾ) ਭੀ ਉਚਰੇ। 'ਹਿਰਦੈ ਨਾਲ (ਪਰਾ ਪਸੰਤੀ ਮਧਮਾ ਬਿਵਸਥਾ ਵਿਚ ਭੀ) ਅਰਾਧਨ ਕਰੇ। ਤੇ ਰਿਦੈ ਸਮਾਲਿ' (ਨਾਭੀ ਵਿਚ ਉਤਾਰ ਕੇ) ਭੀ ਰਖੇ; ਹਰ ਤਰ੍ਹਾਂ ਬੇੜਾ ਪਾਰ ਹੈ। ਫਿਰ ਇਸ ਤੋਂ ਅਗਲੇਰੀ ਸੋਲ੍ਹਵੀ ਪਉੜੀ ਦੇ ਪ੍ਰਥਮ ਸਲੋਕ ਵਿਚ ਵਾਹਿਗੁਰੂ ਨਾਮ ਦੀ ਮਹੱਤਤਾ ਅਤੇ ਸਰੂਪ ਵਰਨਣ ਕਰਕੇ ਵਾਹਿਗੁਰੂ ਨਾਮ ਦੀ ਸਿਫਤ ਸਲਾਹਿ ਪੱਕੀ ਕਰਕੇ ਦ੍ਰਿੜਾ ਦਿਤੀ। ਤੇ 'ਵਾਹੁ ਵਾਹੁ ਇਕੋ ਕਰਿ ਸਲਾਹੀਐ ਜਿ ਸਤਿਗੁਰੂ ਦੀਆ ਦਿਖਾਇ' ਦਾ ਠੱਪਾ ਲਾ ਦਿਤਾ, ਕਿ ਕੇਵਲ ਇਸੇ ਏਕੋ ਨਾਮ ਤੇ ਕਾਇਮ ਦਾਇਮ ਰਹਿਣਾ ਹੈ, ਜੋ ਹੁਣ ਹੀ ਸਤਿਗੁਰੂ ਸਾਹਿਬ ਜੀ ਨੇ ਬੁਝਾਇ ਦੀਆ ਹੈ। ਦੂਜੇ ਸਲੋਕ ਵਿਚ ਇਸ ਗੁਰਮਤਿ ਨਾਮ ਦੇ ਜਪਣ ਹਾਰਿਆਂ ਦਾ ਪਰਤਾਪ ਵਰਨਣ ਕੀਤਾ ਹੈ। ਇਥੋਂ ਤਾਈਂ ਕਿ "ਨਾਨਕ ਵਾਹੁ ਵਾਹੁ ਕਰਹਿ ਸੇ ਜਨ ਨਿਰਮਲੇ ਤਿਰਭਵਣ ਸੋਝੀ ਪਾਇ" ਵਾਲੀ ਉਚ ਪਰਤਾਪੀ ਬਿਵਸਥਾ ਪ੍ਰਾਪਤ ਹੋ ਜਾਂਦੀ ਹੈ। ਇਸ ਤੋਂ ਅਗਾਂਹ ਦੀ ਪਉੜੀ ਦਾ ਜੋ ਸਲੋਕ ਪੜ੍ਹਿਆ ਤਾਂ ਇਸ ਗਲ ਦਾ ਨਿਤਾਰਾ

## ਨਾਮ ਦੀ ਵਿਆਖਿਆ

ਹੋਇਆ ਕਿ ਨਾਮ ਕੇਵਲ ਉਹੀ ਵਡਭਾਗੀ ਜਨ ਸਦਾ ਲਈ ਜਪਦੇ ਰਹਿੰਦੇ ਹਨ। ਜਿਨ ਕਉ ਆਪਿ ਦੇਇ ਬੁਝਾਇ" ਨਾਨਕ ਗੁਰਮੁਖ ਸੋਈ ਜਾਣੀਐ ਜਾ ਕਉ ਆਪਿ ਕਰੇ ਪਰਗਾਸਿ" ਅਤੇ ਨਾਮ ਜਪਣ ਨਾਲ ਹੀ ਮਨ ਦੀ ਹਉਮੈ ਮਲ ਦੂਰ ਹੁੰਦੀ ਹੈ। ਗਲ ਕੀ ਨਾਮ ਦੀ ਪਾਰਸ ਕਲਾ-ਨਾਮ ਜਪਣ ਹਾਰਿਆ ਦੀ ਸੋਭਾ ਸੁੰਦਰਤਾ, ਨਾਮ ਦੀ ਸਰਬ ਫਲ ਪਰਚਾ-ਇਕ ਸਮੱਰਥਾ, ਨਾਮ ਜਪਣ ਹਾਰਿਆਂ ਦੀ ਸੰਗਤ ਤੇ ਮਿਲਾਪ ਦੀ ਖਿਨ ਖਿਨ ਲੋੜ, ਹਿਰਦੇ ਕਰ ਕੇ ਭੀ ਨਾਮ ਨੂੰ ਸੁਆਸ ੨ ਜਪਦੇ ਰਹਿਣ ਦੀ ਤੱਦੀ ਤਕੀਦ ਅਤੇ ਨਾਮ ਅਰਾਧਨ ਕਰਨ ਹਾਰਿਆਂ ਵਿਟਹੁੰ ਤਨ, ਮਨ, ਨਛਾਵਰ ਕਰਨ ਦੀ ਅਕਾਂਖਿਆ, ਆਗਯਾ ਏਹ ਸਭ ਪਰਮਾਰਥੀ ਅਰਥ ਇਸ ਸਲੋਕ ਵਿਚ ਨਾਮ ਨਾਮੀ ਦੀ ਅਭੇਦਤਾ, ਨਾਮ ਦੀ ਅੰਮ੍ਰਿਤਕਲਾ, ਨਾਮ ਦੇ ਸੇਵਨ ਹਾਰਿਆਂ ਨੂੰ ਨਾਮ ਰੂਪੀ ਫਲ ਦੀ ਪ੍ਰਾਪਤੀ ਨਾਮ ਅਭਯਾਸ ਦਵਾਰਾ ਨਾਮ ਦੀ ਸਰਬ ਵਿਆਪਕਤਾ ਦੀ ਲਖਤਾ ( ) ਵਾਹੁ, ਵਾਹਿਗੁਰੂ ਨਿਤ ਕਰਨ ਹਾਰੇ ਗੁਰ ਸਿੱਖਾਂ ਦਾ 'ਵਾਹੁ' ਕਰਨਾ ਗੁਰੂ ਪੂਰੇ ਨੂੰ ਭਾਉਣਾ ਤੇ ਇਕ ਮਨ ਇਕ ਚਿਤ ਹੋ ਕੇ 'ਵਾਹੁ ਵਾਹੁ' ਕਰਨ ਕਰਕੇ



www.AKJ.Org

ਜਮ ਕੰਕਰ ਦਾ ਨਿਕਟ ਨਾ ਆਉਣਾ ਅਤੇ ਮਨ ਚਿੰਦੇ ਫਲ ਪਾਉਣਾ ਇਹ ਸਰਬ ਗਲਾਂ ਵਰਨਣ ਹਨ। ਅਠਾਰਵੀਂ ਪਉੜੀ ਦੇ ਪਹਿਲੇ ਸਲੋਕ ਦਾ ਵਾਕ 'ਵਾਹੁ ਵਾਹੁ ਅੰਮ੍ਰਿਤ ਨਾਮੁ ਹੈ ਗੁਰਮੁਖਿ ਪਾਵੈ ਕੋਇ' ਜਦੋਂ ਪਾਠ ਵਿਚ ਆਇਆ ਤਾਂ ਸਪਸ਼ਟ ਨਿਤਰਵਾਂ ਫੈਸਲਾ ਹੋਇਆ ਕਿ ਗੁਰਮਤਿ ਅੰਮ੍ਰਿਤ ਨਾਮ ਬਸ ਕੇਵਲ ਇਹੋ ਹੀ ਹੈ। ਸਭ ਤੋਂ ਪਿਛਲੀ ਤੁਕ ਵਿਚ 'ਅਨਦਿਨੁ ਨਾਮ ਲਏਇ'' ਵਾਲੀ ਪੰਗਤੀ ਨੇ ਮੈਨੂੰ ਪਹਾੜ ਵਾਂਙੂ ਅੱਚਲ ਖੜਾ ਕਰ ਦਿਤਾ,ਹੁਣੇ ਤੋਂ ਹੀ ਅਠੇ ਪਹਿਰ ਨਾਮ ਵਿਚ ਜੁਟੇ ਰਹਿਣਾ ਹੈ। ਭਾਵੇਂ 'ਤਨ ਮਨ ਜਾਇ ਤੇ ਜਾਉ' ਹੁਣ ਬਸ ਜੀ ! ਫੈਸਲਾ ਗਹਿ ਗੱਡਵਾਂ ਹੋ ਗਿਆ ਕਿ ਨਾਮ ਦੀ ਪ੍ਰਾਪਤੀ ਤਾਂ ਹੋ ਗਈ। ਨਾਮ ਦੀ ਪ੍ਰਾਪਤੀ ਜਦ ਤਾਈ ਨਾ ਹੋ ਜਾਵੇ ਤਦ ਤੀਕ ਇਕ ਤਾਰ ਨਾਮ ਵਿਖੇ ਦਿਨ ਰੈਣ ਜੁਟੇ ਰਹਿਣਾ ਹੈ ਤੇ ਐਸਾ ਜੁਟਣਾ ਹੈ ਕਿ ਖਾਨ ਪਾਨ ਸੈਨ ਚੈਨ ਸਭ ਤਿਆਗ ਦੇਣੇ ਹਨ। ਮੇਰਾ ਹੌਸਲਾ ਹੁਣ ਸਿਖਰਲੀ ਟੀਸੀ ਦਾ ਸੀ, ਹਿੰਮਤ ਸਾਹਸ, ਉਦਮ ਮੇਰੇ ਦੁਆਲੇ ਦਿੱਬ ਦੇਵ ਰੂਪ ਧਾਰ ਕੇ, ਆਣ ਹਾਜ਼ਰ ਹੋਏ'। ਮੈਂ ਹਲਾਸ਼ੇਰੀ ਨਾਲ ਮਹਾਰਾਜ ਨੂੰ ਮਥਾ ਟੇਕ ਕੇ ਜਦੋਂ ਗੁਰਦਵਾਰਿਓਂ ਵਿਦਾ ਹੋਣ ਦੀ ਆਗਯਾ ਮੰਗਣ ਲਗਾ ਤਾਂ ਮੈਨੂੰ ਤੁਰਨ ਲਗੇ ਨੂੰ ਇਹ ਗੁਰ ਅਸੀਸ ਮਿਲੀ :-

## ਗੁਰੂ ਅਸੀਸ

ਉਦਮ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥ ਧਿਆਇਦਿਆ ਤੂੰ ਪ੍ਰਭੁ ਮਿਲੁ ਜਨ ਨਾਨਕ ਉਤਰੀ ਚਿੰਤੁ।'' ਮੈਂ ਇਸ ਅਸੀਸ ਦੇ ਮਿਲਣ ਸਾਰ ਧੰਨਾ ਹੋ ਗਿਆ, ਵਡਭਾਗਾ ਹੋ ਗਿਆ, ਆਪਣੇ ਆਪ ਨੂੰ ਪ੍ਰਤੀਤ ਹੋਵਾਂ। ਇਸ ਅਸੀਸਮਈ ਗੁਰਵਾਕ ਤੇ ਪਹਿਲੇ ਗੁਰਵਾਕਾਂ ਦੇ ਅਨਭਵੀ ਅਰਥਾਂ ਤੇ ਭਾਵਾਂ ਦਾ ਐਸਾ ਗਹਿ ਗੱਡ ਸਿੱਕਾ ਮੇਰੇ ਰਿਦੰਤਰ ਬੈਠ ਗਿਆ ਕਿ ਮੇਰਾ ਡਗ ਮਗ ਡੋਲਦਾ ਸਦੀਵ ਲਈ ਉਡੰਤ ਹੋ ਗਿਆ। ਉਸ ਸਮੇਂ ਜੋ ਉਕਤ ਵਾਕ ਦੀ ਅਨਭਵੀ ਵਯਾਖਯਾ ਮੈਨੂੰ ਸਫੁਰ ਹੋਈ, ਉਸ ਨੂੰ ਮੇਰੀ ਪ੍ਰੋਖੋਂ ਨਹੀਂ ਕਿ ਅਖਰਾਂ ਵਿਚ ਲਿਖਕੇ ਵਰਨਣ ਕਰ ਸਕਾਂ, ਮੇਰੇ ਹਿਰਦੇ ਤੇ ਉੱਕਰੀ ਗਈ, ਪਰ ਮੇਰਾ ਚਾਉ ਹੁਲਾਸ ਕਿ ਮੈਂ ਨਾਮ ਨਾਲ ਨਿਵਾਜਿਆ ਗਿਆ ਹਾਂ ਕਿ ਦਾਤ ਇਲਾਹੀ ਮੈਂ ਥੀ ਪਾਈ ਗਈ ਹੈ, ਮੈਨੂੰ ਟਿਕਣ ਨਾ ਦੇਵੇ ਕਿ ਕਦੋਂ ਏਕਾਂਤ ਸਹਿਜ ਅਸਥਾਨ ਵਿਖੇ ਬੈਠ ਕੇ ਨਾਮ ਦੇ ਅਖੰਡ ਜਾਪ ਵਿਚ ਜੰਮ ਕੇ ਜੁਟ ਜਾਵਾਂ ਅਤੇ ਫੇਰ ਅੱਖਾਂ ਨਾ ਉਘੇੜਾਂ, ਪਰ ਅੰਦਰ ਨਿਰਯਤਨ ਹੀ ਟਕ ੨ ਖੰਡਾ ਖੜਕ ਰਿਹਾ ਸੀ। ਉਠਦੇ ਬੈਠਦੇ ਜਿਧਰ ਜਾਵਾਂ; ਫਿਰਾਂ ਤੁਰਾਂ ਟਕ ਟਕ ਦੀ ਤਾਰ ਉਵੇਂ ਬਝ ਰਹੀ ਸੀ। ਵਾਹੁ ਚਾਬੀ ਲਾਉਣ ਹਾਰਿਆ ਦਾਤਿਆ ! ਖੂਬ ਚਾਬੀਆਂ ਲਾਈਆਂ ਪਰ ਮੇਰੀਆਂ ਅਜੇ ਭੁਖਾਂ ਨਹੀਂ ਗਵਾਈਆਂ। ਹੁਣ ਆਪੇ ਛਹਿਬਰ ਲਾ ਦੇਵੀਂ? ਮੈਨੂੰ ਕੀ ਚਿੰਤਾ ? ਮੈਂ ਨਿਚਿੰਤ ਪਰ ''ਚਰਨ ਪਿਆਸੀ ਦਰਸ ਬੈਰਾਗਨਿ ਪੇਖਉ ਥਾਨ ਸਬਾਏ'' ਖੋਹ ਪੈ ਰਹੀ ਸੀ ਤੇ ਅਣਡਿਠੇ ਆਤਮ ਰਹਸ ਦੀ ਤੋਟ ਸੀ। ਮੈ ਐਵੇ ਉਪਰਲੇ ਦਿਲੋਂ ਦੜੇ ਦਫਤਰ ਜਾ ਕੇ ਬੱਧਾ ਚੱਟੀ ਭਰ ਆਇਆ। ਕਾਲਜਾ ਅੰਨਜਲ ਵਲੋ ਪ੍ਰਿਥਮ ਦਿਵਸ ਦਾ ਹੀ ਖਾਲੀ ਸੀ। ਮੈਨੂੰ ਦਿਸ਼ਾ ਆਦਿਕ ਫਿਰਨ ਦੀ ਦੁਬਿਧਾ ਕੋਈ ਹੈ ਹੀ ਨਹੀਂ ਸੀ ਤੇ ਅਗਾਹਾਂ ਨੂੰ ਭੋਜਨ ਆਦਿਕ ਨਾਲ ਢਿੱਡ ਭਰਨ ਦੀ ਰੁਚੀ ਹੀ ਨਹੀਂ ਰਹੀ ਸੀ ਸਗੋਂ ਕੜਾਕੇ ਰਹਿ ਕੇ ਖੰਡਾ ਖੂਬ ਖੜਕੇ ਤੇ ਕੋਈ ਅਟਕਾ ਝਟਕਾ ਨਾਂ ਪਵੇ।

## ਦੂਜੇ ਦਿਨ ਦਾ ਹਾਲ

ਅਜ ਭੀ ਮੈਂ ਬੁੰਗੇ ਪਰ ਆਉਣ ਸਾਰ ਬਿਨਾ ਹੀ ਖਾਨ ਪਾਨ ਕੀਤੇ ਆਪਣੀ ਗੁਫਾ



www.AKJ.Org

ਵਿਚ ਜਾ ਵੜਿਆ, ਪਰ ਮੇਰੇ ਮਗਰ ਹੀ ਭਾਈ ਰੂੜ ਸਿੰਘ ਗਫੇ ਛਕਾਉਣ ਨੂੰ ਬਿਰ ੨ ਕਰਦੇ ਫਿਰਨ। ਮੈਂ ਥੋਂ ਉਨ੍ਹਾਂ ਦੀ ਨਿਰਾਸਤਾ ਵਾਲੀ ਨਿਮੋਝਾਣੀ ਝੀਣੀ ਬਾਣ ਝਲੀ ਨਾ ਜਾਵੇ। ਮੈਂ ਬਾਹਰ ਵਾਰ ਨੂੰ ਫਿਰ ਉਠ ਤੁਰਿਆ, ਉਨਾਂ ਨੂੰ ਹੌਲੀ ਦੇ ਕੇ ਆਖ ਦਿਤਾ ਕਿ ਮੈਨੂੰ ਅਜੇ ਭੀ ਪ੍ਰਸ਼ਾਦੇ ਦੀ ਰੁਚੀ ਨਹੀ। ਤੂੰ ਗਫਾ ਲਾਲੈ ਮੈਂ ਬਾਹਰ ਫਿਰਨ ਤੁਰਨ ਚਿਤ ਪਰਚਾਉਣ ਚਲਿਆ ਹਾਂ ਤੂੰ ਮੇਰੇ ਪਿੱਛੇ ਨਾ ਆਈਂ। ਮੈਂ ਇਤਨਾ ਆਖ ਕੇ ਉਥੋ ਜਿਉ ਨਿਕਲਿਆ, ਇਕ ਹਰਿਆਵਲੀ ਪਹਾੜੀ ਦੀ ਕੇਦਰਾ ਦੇ ਕੁਦਰਤੀ ਨਜ਼ਾਰਿਆਂ ਵਿਚ ਜਾ ਰਮਿਆ। ਕੁਦਰਤ ਦੇ ਚਿਤ੍ਰ ਚੁਭਵੇਂ ਤੇ ਦਿਲ ਖਿਚਵੇਂ ਰਮਣੀਕ ਸੁੰਦਰ ਨਜ਼ਾਰਿਆਂ ਨੇ ਕਾਦਰ ਦੀ ਅਮਿੱਤ ਸੁੰਦ੍ਰਤਾ ਦੇ ਅਨੁਮਾਨਕ ਲਹਿਰੇ ਅਜਿਹੇ ਚਿਤ ਬ੍ਰਿਤੀ ਅੰਦਰ ਉਤਪੰਨ ਕੀਤੇ ਕਿ ਨਾਮ ਦਾ ਰਟਨ ਸੰਕਲਪ ਵਿਕਲਪ ਰਹਿਤ ਅਫੁਰ ਦਿਸ਼ਾ ਵਿਚ ਜੋਰੋ ਜੋਰੀ ਜਾਰੀ ਹੋ ਪਿਆ:- ਮੈਨੂੰ ਨਾਮ ਜਪਣ ਦਾ ਕੋਈ ਥਹੁ ਪਤਾ ਨਹੀਂ ਨਾ ਕੋਈ ਨਾਮ ਅਭਯਾਸ ਦੀ ਜੁਗਤੀ ਆਉਂਦੀ ਹੈ ਤੇ ਨਾ ਹੀ ਸੁਆਸ ਹਿਠਾਹਾਂ ਉਤਾਹਾਂ ਚੜ੍ਹਾਉਣ ਉਤਾਰਨ ਦੀ ਮੈਂ ਕਿਤੋਂ ਸੰਥਿਆ ਸਿੱਖੀ ਹੈ। ਮੈਂਨੂੰ ਕੇਵਲ ਪਤੀ ਪਮਾਤਮਾ ਦੀ ਪ੍ਰਾਪਤੀ ਵਾਲੀ ਲਿੱਲ ਲਗੀ ਹੋਈ ਹੈ। ਏਹ ਪ੍ਰੇਮ ਭਿੰਨੀ ਲਿੱਲ ਯਾ ਪ੍ਰੇਮ ਪਲੀਤਾ ਹੈ ਜੋ ਮੇਰੀ ਹਿਚਕਦੀ ਹਟਕਦੀ ਹਟਕੋਰੇ ਖਾਦੀ ਬਿਰਤੀ ਨੂੰ ਚਾਬਕ ਮਾਰ ੨ ਕੇ ਚੜ੍ਹਦੀ ਕਲਾ ਵਲ ਸਿਧੇ ਤੋਰੀ ਜਾਣ ਲਈ ਸਹਾਇਕ ਬਣੀ ਹੋਈ ਹੈ। ਤਿੰਨ ਬਜੇ ਮੈਨੂੰ ਉਸ ਅਸਥਾਨ ਵਿਚ ਬੈਠੇ ਹੋਏ ਸਾਂਝ ਕਾਲ ਦਾ ਸਮਾਂ ਹੋ ਗਿਆ ਅਤੇ ਹਨੇਰਾ ਹੋਣ ਹੀ ਲਗਾ ਸੀ ਕਿ ਇਤਨੇ ਨੂੰ ਭਾ: ਰੂੜ ਸਿੰਘ ਜੀ ਮੇਰੀ ਖੋਜ ਕਰਦੇ ਹੋਏ ਉਧਰੇ ਹੀ ਆ ਨਿਕਲੇ। ਰਹਿਰਾਸ ਸਾਹਿਬ ਦਾ ਪਾਠ ਕਰਦੇ ਹੋਏ ਮੇਰੇ ਅਗੇ ਆਣ ਖਲੋਤੇ। ਉਸ ਵੇਲੇ ਉਨਾਂ ਦੇ ਮੂੰਹ ਵਿਚ ਇਹ ਤੁਕ ਸੀ 'ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ' ਮੈਨੂੰ ਇਹ ਤੁਕ ਬੜੀ ਮਿਠੀ ਪਿਆਰੀ ਗੂੜ੍ਹ ਅੰਤਰੀਵ ਅਰਥਾਂ ਵਾਲੀ ਲਗੀ। ਨਾਲੇ ਮੈਨੂੰ ਚੇਤਾ ਆ ਗਿਆ ਕਿ ਰਹਿਰਾਸ ਸਾਹਿਬ ਦਾ ਸਮਾਂ ਹੋ ਗਿਆ ਤੇ ਮੈਂ ਅਜੇ ਪਾਠ ਕਰਨ ਹੀ ਨਹੀਂ ਲਗਾ। ਮੈਂ ਭਾ: ਰੂੜ ਸਿੰਘ ਨੂੰ ਫੇਰ ਉਥੇ ਹੀ ਆਪਣੇ ਸਾਹਮਣੇ ਬਿਠਾ ਕੇ ਮੁਢ ਤੋਂ ਫੇਰ ਦੂਜੀ ਵਾਰੀ ਪਾਠ ਸੁਣਾਉਣ ਲਈ ਕਿਹਾ। ਉਹ ਪਾਠ ਸੁਣਾਉਣ ਮੈਂ ਨਾਲੇ ਪਾਠ ਸੁਣਾਂ ਨਾਲੇ ਨਾਮ ਜਪਾਂ ਜਿਉਂ ੨ ਸੁਣਾਂ ਤਿਉਂ ੨ ਮੈਨੂੰ ਰਹਿਰਾਸ ਸਾਹਿਬ ਦੇ ਪਾਠ ਦਾ ਅਨੰਦ ਅਗੇ ਨਾਲੋਂ ਅਣੋਖਾ ਹੀ ਆਇਆ। ਭੋਗ ਪਏ ਤੋਂ ਪਿਛੋਂ ਮੈਨੂੰ ਭਾਈ ਰੂੜ ਸਿੰਘ ਜੀ ਆਖ ਵੇਖ ਕੇ ਆਪਣੇ ਨਾਲ ਹੀ ਬਸਤੀ ਵਲ ਨੂੰ ਮੋੜ ਲਿਆਏ ਮੈਂ ਬੁੰਗੇ ਤੇ ਛਪਾ ਛਪ ਪਹਿਲਾਂ ਹੀ ਜਾ ਚੜ੍ਹਿਆ ਤੇ ਝਟ ਅੰਦਰ ਵੜ ਕਿਵਾੜ ਦੇ ਕੇ ਕੁੰਡੇ ਜੜ ਦਿਤੇ ਤੇ ਆਸਣ ਪਰ ਬੈਠ ਕੇ ਲਗਾ ਗੁਰੂ ਗੁਰੂ ਜਪਣ। ਲਗਾਤਾਰ ਇਕੋ ਸਾਹ ਲਗਾ ਜਾਵਾਂ। ਜਦੋਂ ਸਾਹ ਆਪੇ ਮੁੜੇ ਤੇ ਮੁੜ ਪਵੇ ਮੈਨੂੰ ਮੋੜਨ ਹੋੜਨ ਦੀ ਕੋਈ ਪ੍ਰਵਾਹ ਤੇ ਸੁਰਤ ਸੰਮ੍ਹਾਲ ਨਾ ਸੀ। ਕੇਵਲ ਗੁਰੂ ੨ ਕਰਨ ਦੀ ਬਣੀ ਹੋਈ ਸੀ। ਦਸ਼ਾ ਐਸੀ ਬਣ ਆਈ ਕਿ ਆਸ਼ਾ, ਮਨਸ਼ਾ, ਫੁਰਨੇ, ਫਿਕਰ ਆਦਿਕ ਦੀ ਰਿਦੰਤਰ ਰਾਈ ਨਾ ਰਹੀ ਭਰਮ ਭ੍ਰਾਂਤੀ ਦੀ ਕਾਈ ਮਿਟ ਗਈ। ਇਕ ਦਰਸ ਪਿਆਸ ਦੀ ਆਸ ਯਥਾ ਗੁਰਵਾਕ :– "ਏਕਹਿ ਆਸਾ ਦਰਸ ਪਿਆਸਾ ਆਨ ਨਾ ਭਾਵੇ ॥"

## ਦੂਜੇ ਦਿਨ ਦੀ ਰਾਤ ਦਾ ਹਾਲ

ਇਹ ਆਸਾ ਭੀ ਤੀਬਰ ਤੋਂ ਤੀਬਰ ਹੁੰਦੀ ਜਾਂਦੀ ਹੈ ਤੇ ਨਾਮ ਦੇ ਜਾਪ ਵਲ ਮੈਨੂੰ ਹੋਰ ਭੀ ਹਲਾ-ਸ਼ੇਰੀ ਕਰ ਕੇ ਲਿਆਉਂਦੀ ਹੈ। ਮੈਂ



www.AKJ.Org

ਹਲੇ ਕਰ ਕਰ ਪਵਾਂ ਰਾਤ ਤਕੜੀ ਚਲੀ ਗਈ ਸੀ, ਬਾਹਰ ਕੋਈ ਬਿਰਕਣ ਨਹੀਂ ਸੀ। ਚਤੁਰਾਈ ਸਿਆਣਪ ਮੈਨੂੰ ਕੋਈ ਵਿਆਪਦੀਨਹੀਂ ਸੀ ਮੈਂ ਸਿੱਧ ਪਧਰਾ ਨਾਮ ਨੂੰ ਦੱਬੀ ਜਾਵਾਂ। ਆਲਸ ਮੇਰੇ ਨੇੜੇ ਨਾਂ ਆਵੇ। ਸੰਕਲਪ ਸੰਸਾ ਮੈਨੂੰ ਕੋਈ ਸੰਤਾਵੇ ਨਾਹੀ। ਨਾਮ ਜਪਣ ਦੇ ਅਨੇਕਾਂ ਹੀ ਤਰੰਗ ਮੈਨੂੰ ਫੁਰ ਪਏ। ਜੇਹੜਾ ਫੁਰੇ ਉਸੇ ਨੂੰ ਦੱਬ ਤੁਰਾਂ ਤੇ ਤੁਰੀ ਹੀ ਜਾਵਾਂ ਜਦ ਤਾਈਂ ਸਾਹ ਨਾ ਮੁੜੇ। ਸਾਹ ਮੁੜੇ ਤਾਂ ਫੇਰ ਹੋਰ ਤਰੰਗ ਦਾ ਤੋਰਾ ਤੁਰ ਪਵੇ। ਮੇਰੇ ਲਈ ਇਹ ਅਨਿਕ ਤਰੰਗ ਵਾਲੀਆਂ ਨਾਮ ਜਪਣ ਦੀਆਂ ਜੁਗਤੀਆਂ ਅਰਸ਼ਾ ਕੁਰਸ਼ਾਂ ਤੋਂ ਆਣ ਉਤਰੀਆਂ ਅਣਭੋਲ ਹੀ ਵਾਹੋ ਦਾਹ ਲਗਨ ਵਿਚ ਲਗਿਆ ਤੁਰਿਆ ਜਾਵਾਂ। ਗਿਣਤੀ ਮਿਣਤੀ ਕੁਛ ਨਾ ਵਿਚਾਰਾਂ। ਜੇ ਕਿਤੇ ਅੱਕ ਥੱਕ ਜਾਵਾਂ ਜਾਂ ਮਨ ਅੜੀ ਕਰ ਖੜੋਵੇ ਤਾਂ ਫੇਰ ਮਨ ਨੂੰ ਤਹੋੜਾ ਦੇਣ ਲਈ ਹਠ ਕਰਕੇ ਮਥ ਲਵਾਂ ਕਿ ਐਨੀਆਂ ਪੱਕੀਆ ਮਾਲਾਂ ਫੇਰ ਕੇ ਸਾਹ ਲੈਣਾ ਹੈ।

## ਸਰਬਲੋਹੀ ਸ਼ਕਤੀ

ਕਿਉਂਕਿ ਸਰਬ ਲੋਹ ਦੀ ਮਾਲਾ ਹਰ ਵਕਤ ਮੇਰੇ ਹਥ ਵਿਚ ਹੀ ਰਹਿੰਦੀ ਸੀ। ਮੈਨੂੰ ਸਰਬ ਲੋਹ ਦੀ ਮਾਲਾ ਨੇ ਬੜੀ ਹੀ ਸਹਾਇਤਾ ਦਿਤੀ ਛਿਨ ਮਾਤ੍ਰ ਭੀ ਨਿਸ਼ਾਨੇ ਤੋਂ ਉਕਣ ਨਹੀ ਦਿਤਾ ਤੇ ਚੜ੍ਹਦੀਆਂ ਕਲਾਂ ਵਾਲੀ ਜਾਪ ਪਦਵੀ ਤੇ ਮੈਨੂੰ ਜਾ ਚਾੜ੍ਹਿਆ, ਹਥ ਜਦ ਸਚੀ ਕਾਰ ਵਿਚ ਤਦ ਰੂਪ ਹੋ ਗਏ ਤਾਂ ਮਾਨੋ ਮੈਂ ਮੁੱਜ-ਸਮ ਸਾਵਧਾਨਤਾ ਹੀ ਬਣ ਗਿਆ। ਆਲਸ ਨੇੜੇ ਨਹੀਂ, ਦਲਿੱਦਰ ਦੂਰ ਹੋ ਗਿਆ। ਥਕੇਵਾਂ ਤੇ ਢਿਲ-ਪੁਣਾ ਖਬਰ ਨਹੀਂ, ਕਿਧਰ ਨਸ ਭਜ ਗਏ। ਐਸੀ ਸਰਬ ਲੋਹੀ ਸ਼ਕਤੀ ਵਰਤੀ ਤੇ ਐਸੀ ਸਰਬ ਲੋਹੀ ਰਖਸ਼ਾ ਹੋਈ ਕਿ ਮੇਰੀਆਂ ਉਗਲੀਆਂ ਦੇ ਪੋਟਿਆਂ ਵਿਚੋਂ ਜਿਥੇ ਦਬਾ ਦਬ ਸਰਬ ਲੋਹੀ ਮਾਲਾ ਦੇ ਮੋਤੀਆਂ ਦੀ ਘਾਸ ਪੈਂਦੀ ਸੀ।

## ਬਿਜਲੀ ਦੇ ਠੰਡੇ ਠਾਰ ਚਿੰਗਾਰੇ

ਇਹੋ ਜਿਹੇ ਬਿਜਲੀ ਦੀਆਂ ਤਾਰਾਂ ਵਾਲੇ ਠੰਡੇ ਠਾਰ ਚਿੰਗਾਰੇ ਉਠੇ ਤੇ ਉਨ੍ਹਾਂ ਪੋਟਿਆਂ ਵਿਚੋਂ ਉਠ ਕੇ ਸਾਰੇ ਸਰੀਰ ਦੀ ਤਾਰ ੨ ਵਿਚ ਪ੍ਰਵੇਸ਼ ਹੋਏ ਕਿ ਅਗੇ ਜਿਥੇ ਜਿਗਰ (ਹਿਰਦੇ) ਅਸਥਾਨ ਤੇ ਇਕ ਖੰਡਾ ਖੜਕਦਾਸੀ।

## ਨਾਮ ਦੇ ਖੰਡੇ ਦਾ ਖੜਕਾਰ

ਹੁਣ ਉਥੇ ਹੀ ਅਨੇਕਾਂ ਖੰਡੇ ਦੇਹੀ ਪਿੰਡੇ ਦੇ ਤਿਲ ੨ ਮਾਤ੍ਰੀ ਖੰਡ ੨ ਵਿੱਖੇ ਖੜਕਣ ਲਗ ਪਏ। ਇਸ ਦੇਹੀ ਰੂਪੀ ਪਿੰਡ ਦੀ ਇਹ ਅਖੰਡਾ ਕਾਰ ਖੰਡੇ ਖੜਕਣੀ ਦਸ਼ਾ ਦੇਖ ਕੇ ਇਕ ਛਿਨ ਤਾਂ ਦਿਲ ਨੇ ਧੜਕਾ ਖਾਧਾ ਪਰ ਦੂਜੀ ਛਿਨ ਹੀ ਸ਼ਾਤ ਛਾ ਗਈ ਤੇ ਸੁੰਨ ਦਸ਼ਾ ਵਾਪਰ ਗਈ। ਮੈਨੂੰ ਆਪਣਾ ਸਰੀਰ ਆਪਣੇ ਆਤਮਾ ਤੋਂ ਅਡੋ ਅਡ ਹੋਇਆ ਹੋਇਆ ਦਿਸੇ। ਫੇਰ ਸਰੀਰ ਦਿਸੇ ਹੀ ਨਾ ਕਿ ਕਿਧਰ ਗਿਆ। ਜਾਪ ਹੀ ਜਾਪਦੀ ਝਰਨਾਟ ਪਈ ਸੁਣਾਈ ਦੇਵੇ।

## ਸ੍ਰੀ ਸਰੂਪ ਦੀ ਲਖਤਾ

ਕੰਨ ਸਣੇ ਸਰੀਰ ਦੇ ਹਨ ਹੀ ਨਾ ਤਾਂ ਸੁਣਦਾ ਕੌਣ ਹੈ ? ਇਸ ਝਮੇਲੇ ਵਿਚ ਪੈ ਕੇ ਮੈਂ ਫਿਰ ਭਮੱਤਰ ਗਿਆ। ਅਗਲੀ ਛਿਨ ਦੇਖਾਂ ਤਾਂ 'ਮੈਂ ਹਾਂ'' ਮੈਂ 'ਆਤਮਾਂ ਸਰੂਪ ਹਾਂ' ਮੈਨੂੰ ਹੁਣ 'ਆਪਣਾ ਸਰੂਪ' 'ਆਪਣਾ ਆਪਾ' ਨਿਰਾਲਾ ਹੀ ਨਜ਼ਰੀ ਆਉਣ ਲਗਾ। ਉਸ ਆਪੇ ਦੇ ਆਤਮ ਸਰੂਪ ਨੂੰ ਮੈਂ ਲਖ ੨ ਕੇ ਪੇਖ ਪੇਖ ਕੇ ਅਚਰਜੋ ਅਚਰਜ ਹੁੰਦਾਜਾਵਾਂ, ਪਰ ਮੈਨੂੰ ਐਸ ਸ੍ਵੈ ਪੇਖਣਹਾਰ ਦਸ਼ਾ ਦਾ ਅਨੰਦ, ਸੁਆਦ ਕੁਛ ਬਾਹਲਾ ਲੰਮਾ ਨਾ ਆਵੇ। ਕਿਉਂਕਿ ਮੈਂ ਤਾ ਪ੍ਰਮਾਤਮ ਦੇਵ ਦੇ ਦਿਦਾਰਿਆਂ ਦਾ ਆਸ਼ਕ ਸੀ ਮੈਨੂੰ ਉਰਲੀਆਂ

( ੨੫ ਕੀ ਬਾਕੀ ੨੮ ਪਰ)



www.AKJ.Org

# "ਨਾਨਕ ਸੋ ਸੂਰਾ ਵਰੀਆਮ"

(ਵਲੋਂ:-ਭਾਈ ਤਰਲੋਕ ਸਿੰਘ ਜੀ ਮਾਡਲ ਟਾਊਨ ਦਿਲੀ)

ਗੁਰੂ ਨਾਨਕ ਸਾਹਿਬ ਨੇ ਜਦ ਭਾਰਤ ਵਰਸ਼ ਦੇ ਪੁਰਾਤਨ ਇਤਿਹਾਸ ਤੇ ਨਜ਼ਰ ਮਾਰੀ ਤਾਂ ਆਪ ਇਸ ਸਿਟੇ ਤੇ ਪੁਜੇ ਕੇ ਇਸ ਦੇਸ਼ ਦੇ ਵਡੇ ਵਡੇ ਰਿਸ਼ੀ ਮੁਨੀ ਰਾਜੇ ਮਹਾਰਾਜੇ ਤਪੀਸ਼ਰ ਅਤੇ ਸੂਰਮੇ ਹੰਕਾਰ ਦੇ ਹਥੋਂ ਬੁਰੀ ਤਰ੍ਹਾਂ ਨਸ਼ਟ ਹੋ ਗਏ। ਇਨਾਂ ਸਾਰੀਆਂ ਵਯਕਤੀਆਂ ਦਾ ਜ਼ਿਕਰ ਆਪ ਨੇ ਇਕ ਸ਼ਬਦ ਵਿਚ ਇਸ ਤਰਾਂ ਕੀਤਾ ਹੈ :-

"ਬ੍ਰਹਮੈ ਗਰਬੁ ਕੀਆ ਨਹੀਂ ਜਾਨਿਆ"
ਬੇਦ ਕੀ ਬਿਪਤਿ ਪੜੀ ਪਛੁਤਾਨਿਆ ॥
ਜਹ ਪ੍ਰਭ ਸਿਮਰੇ ਤਹੀਮਨੁ ਮਾਨਿਆ ॥੧॥
ਐਸਾ ਗਰਬੁ ਬੁਰਾ ਸੰਸਾਰੈ ॥
ਜਿਸ ਗੁਰੁ ਮਿਲੈ ਤਿਸੁ ਗਰਬੁ ਨਿਵਾਰੈ ।੧।
ਰਹਾਓ ॥

ਬਲਿ ਰਾਜਾ ਮਾਇਆ ਅਹੰਕਾਰੀ ॥
ਜਗਨ ਕਰੈ ਬਹੁ ਭਾਰ ਅਫਾਰੀ ॥
ਬਿਨ ਗੁਰ ਪੂਛੇ ਜਾਇ ਪਇਆਰੀ ॥੨॥
ਹਰੀ ਚੰਦੁ ਦਾਨੁ ਕਰੈ ਜਸੁ ਲੇਵੈ ॥
ਬਿਨੁ ਗੁਰ ਅੰਤੁ ਨ ਪਾਇ ਅਭੇਵੈ ॥
ਆਪਿ ਭੁਲਾਇ ਆਪੇ ਮਤਿ ਦੇਵੈ ॥੩॥
ਦੁਰਮਤਿ ਹਰਣਾਖਸ ਦੁਰਾਚਾਰੀ ॥
ਪ੍ਰਭੁ ਨਾਰਾਇਣ ਗਰਬ ਪ੍ਰਹਾਰੀ ॥
ਪ੍ਰਹਲਾਦ ਉਧਾਰੇ ਕਿਰਪਾ ਧਾਰੀ ॥੪॥
ਭੂਲੋ ਰਾਵਣੁ ਮੁਗਧੁ ਅਚੇਤਿ ॥
ਲੂਟੀ ਲੰਕਾ ਸੀਸ ਸਮੇਤਿ ॥
ਗਰਬਿ ਗਇਆ ਬਿਨੁ ਸਤਿਗੁਰ ਹੇਤਿ ॥੫।
ਸਹਸਬਾਹੁ ਮਧੁਕੀਟ ਮਹਿਖਾਸਾ ॥
ਹਰਣਾਖਸੁ ਲੇ ਨਖਹੁ ਬਿਧਾਸਾ ॥
ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ ॥੬॥
ਜਰਾ ਸੰਧਿ ਕਾਲਜਮੁਨ ਸੰਘਾਰੇ ॥
ਰਕਤਬੀਜੁ ਕਾਲੁ ਨੇਮੁਬਿਦਾਰੇ ॥
ਦੈਤ ਸੰਘਾਰਿ ਸੰਤ ਨਿਸਤਾਰੇ ॥੭॥
ਆਪੇ ਸਤਿਗੁਰੁ ਸਬਦੁ ਬੀਚਾਰੇ ॥
ਦੂਜੈ ਭਾਇ ਦੈਤ ਸੰਘਾਰੇ ॥
ਗੁਰਮੁਖਿ ਸਾਚਿ ਭਗਤਿ ਨਿਸਤਾਰੇ ॥੮॥
੨੨੪ (ਪੰਨਾ ਗੁਰੂ ਗ੍ਰੰਥ ਸਾਹਿਬ)

ਇਸ ਸ਼ਬਦ ਦੇ ਵੀਚਾਰ ਤੋਂ ਪਤਾ ਲਗਦਾ ਹੈ ਕੇ ਆਮ ਲੋਕਾਂ ਦਾ ਤਾਂ ਕਹਿਣਾ ਹੀ ਕੀ ਹੈ ਰਾਜਾ ਹਰੀ ਚੰਦ ਤੇ ਰਾਜਾ ਬਲ ਜੈਸੇ ਦਾਨੀ, ਹਰਣਾਖੁਸ਼ ਜੈਸੇ ਬਲਵਾਨ, ਬ੍ਰਹਮਾ ਤੇ ਰਾਵਣ ਜੈਸੇ ਵਿਦਵਾਨ ਤੇ ਪੰਡਤ ਤੇ ਦੁਰਯੋਧਨ ਜੈਸੇ ਚਕਰਵਰਤੀ ਰਾਜੇ ਅਹੰਕਾਰ ਕਰਨ ਤੇ ਮਿਟੀ ਵਿਚ ਮਿਲ ਗਏ ਅਤੇ ਆਪਣੇ ਜੀਵਨ ਅੰਦਰ ਕੋਈ ਸਫਲਤਾ ਪ੍ਰਾਪਤ ਨਾ ਕਰ ਸਕੇ। ਇਹ ਹੀ ਵਜਾ ਹੈ ਕੇ ਦੀਨ ਦੁਨੀਆ ਦੇ ਵਾਲੀ ਅਰਸ਼ ਕੁਰਸ਼ ਦੇ ਮਾਲਕ ਬਾਬਾ ਨਾਨਕ ਜੀ ਨੇ ਆਪ ਨਿਮ੍ਰਤਾ ਦਾ ਰਾਹ ਅਪਨਾਇਆ ਅਤੇ ਗੁਰਸਿਖਾਂ ਨੂੰ 'ਰਖ ਗਰੀਬੀ ਵੇਸ' ਦਾ ਉਪਦੇਸ਼ ਦਿਤਾ ਜੋ ਨਿਮ੍ਰਤਾ ਗੁਰੂ ਨਾਨਕ ਸਾਹਿਬ ਨੇ ਧਾਰਨ ਕੀਤੀ ਉਸ ਦੀ ਮਿਸਾਲ ਧਾਰਮਕ ਦੁਨੀਆਂ ਦੇ ਕਿਸੇ ਇਤਿਹਾਸ ਵਿਚ ਮਿਲਨੀ ਕਠਨ ਹੈ। ਸਤ ਅਤੇ ਧਰਮ ਦਾ ਪ੍ਰਚਾਰ ਕਰਦੇ ਹੋਏ ਆਪ ਨੇ ਆਪਨੇ ਆਪ ਨੂੰ ਨੀਚ ਕਿਹਾ "ਨਾਨਕੁ ਨੀਚੁ ਕਹੈ ਵੀਚਾਰ" (ਪੰਨਾ ੪ ਗੁਰੂ ਗਰੰਥ



www.AKJ.Org

ਸਾਹਿਬ) ਇਕ ਵੇਰ ਆਪ ਨੇ ਆਪ ਨੂੰ 'ਸਗ ਨਾਨਕ' ਵੀ ਕਿਹਾ ਅਤੇ ਕਿਹਾ ਕੇ ਮੈਂ ਛੋਟੇ ਤੂੰ ਵੀ ਛੋਟਾ ਹਾਂ। ਆਪ ਬਾਣੀ ਅੰਦਰ ਫੁਰਮਾਂਦੇ ਹਨ :–

ਚਿਲਿ ਮਿਲਿ ਬਿਸੀਆਰ ਦੁਨੀਆਂ ਫਾਨੀ ॥
ਕਾਲੂਬਿ ਅਕਲ ਮਨ ਗੋਰ ਨ ਮਾਨੀ ॥
ਮਨ ਕਮੀਨ ਕਮਤਰੀਨ ਤੂ ਦਰੀਆਉ ਖੁਦਾਇਆ॥
ਏਕੁ ਚੀਜੁ ਮੁਝੈ ਦੇਹਿ ਅਵਰ ਜਹਰ ਚੀਜ ਨ ਭਾਇਆ ॥
ਪੁਰਾਬ ਖਾਮ ਕੂਜੈ ਹਿਕਮਤਿ ਖੁਦਾਇਆ ॥
ਮਨ ਤੁਆਨਾ ਤੂ ਕੁਦਰਤੀ ਆਇਆ ॥
ਸਗ ਨਾਨਕ ਦੀਬਾਨ ਮਸਤਾਨਾ ਨਿਤ ਚੜੈ ਸਵਾਇਆ ॥
ਆਤਸ ਦੁਨੀਆ ਖੁਨਕ ਨਾਮੁ ਖੁਦਾਇਆ ॥''

੧੨੯੧ (ਪੰਨਾ ਗੁਰੂ ਗਰੰਥ ਸਾਹਿਬ)

ਇਸ ਸਲੋਕ ਦੀ ਆਖਰੀ ਤੁਕ ਅੰਦਰ ਬਾਬਾ ਜੀ ਫੁਰਮਾਂਦੇ ਹਨ ਕੇ ਹੇ ਪ੍ਰਭੂ ਨਾਨਕ ਤੇਰੇ ਦਰ ਦਾ ਸਗ (ਕੁਤਾ) ਹੈ ਅਤੇ ਮਸਤਾਨਾ ਹੈ ਅਤੇ ਇਹ ਮਸਤੀ ਮੇਰੇ ਅੰਦਰ ਹਰ ਰੋਜ਼ ਨਿਤਾ ਪ੍ਰਤੀ ਵਧ ਰਹੀ ਹੈ। ਆਮ ਲੋਕਾਂ ਅੰਦਰ ਇਹ ਕਮਜ਼ੋਰੀ ਹੈ ਕੇ ਉਹ ਥੋੜੀ ਜਿਨੀ ਵੀ ਭਲਾਈ ਕਰਕੇ ਬਹੁਤ ਹੰਕਾਰ ਕਰਦੇ ਹਨ ਜਿਸ ਨਾਲ ਇਹ ਚੰਗਆਈ ਖਤਮ ਹੋ ਜਾਂਦੀ ਹੈ ਇਸ ਲਈ ਬਾਬਾ ਜੀ ਨੇ ਲੋਕਾਂ ਨੂੰ ਇਸ ਦੀਰਘ ਰੋਗ ਤੋਂ ਬਚਨ ਲਈ ਇਹ ਸਿਖਿਆ ਦਿਤੀ ਕੇ ਨੇਕੀ ਪਰਉਪਕਾਰ ਯਾ ਪੁੰਨ ਦਾਨ ਕਰਕੇ ਵੀ ਆਪਨੇ ਆਪੇ ਨੂੰ ਨੀਚ ਸਦਾਵਨਾ ਹੈ ਸਾਡਾ ਲਾਭ ਇਸੇ ਗਲ ਵਿਚ ਹੈ ਕੇ ''ਜੇ ਲੋੜਹਿ ਚੰਗਾ ,ਆਪਣਾ ਕਰਿ ਪੁੰਨਹੁ ਨੀਚੁ ਸਦਾਈਐ'' (ਆਸਾ ਦੀ ਵਾਰ ਪਉੜੀ ੫) ਇਕ ਵੇਰ ਜਦ ਸਿਧਾਂ ਨੇ ਗੁਰੂ ਨਾਨਕ ਸਾਹਿਬ ਨੂੰ ਪੁਛਿਆ ਕੇ ਕਿਸ ਕਾਰਨ ਜੀਵ ਇਸ ਦੁਨੀਆ ਵਿਚ ਜਮਦੇ ਤੇ ਕਿਸ ਦੁਖ ਕਰਕੇ ਉਹ ਖਤਮ ਹੋ ਜਾਂਦੇ ਹਨ ਭਾਵ ਇਸ ਸੰਸਾਰ ਵਿਚ ਆਵਨ ਜਾਵਨ ਦਾ ਚਕਰ ਕਿਸ ਕਾਰਨ ਖਤਮ ਨਹੀਂ ਹੁੰਦਾ ਤਾਂ ਸਿਧਾਂ ਦੇ ਸਵਾਲ ਦਾ ਜਵਾਬ ਦੇਂਦੇ ਹੋਏ ਬਾਬਾ ਜੀ ਨੇ ਫੁਰਮਾਇਆ ਕੇ ਹਉਮੈ ਕਰ ਕੇ ਇਹ ਜੀਵ ਜਮਦਾ ਹੈ ਅਤੇ ਹਉਮੈ ਦੇ ਵਸ ਹੋਣ ਦੇ ਕਾਰਨ ਦਿਹ ਜੀਵ ਨਾਮ ਨਹੀਂ ਜਪਦਾ ਜਿਸ ਕਰਕੇ ਇਸ ਦੇ ਆਵਨ ਜਾਨ ਦਾ ਸਿਲਸਲਾ ਬਨਿਆ ਰਹਿੰਦਾ ਹੈ। ਜਦ ਇਹ ਜੀਵ ਗੁਰੂ ਦੀ ਸ਼ਰਨ ਵਿਚ ਰਹਿਕੇ ਗਿਆਨ ਦੀ ਪ੍ਰਾਪਤੀ ਕਰਦਾ ਹੈ ਤਾਂ ਗੁਰੂ ਦੇ ਦਸੇ ਹੋਏ ਤਰੀਕੇ ਯਾਂ ਉਪਦੇਸ਼ ਨਾਲ ਇਹ ਹਉਮੈ ਨੂੰ ਮਾਰ ਲੈਂਦਾ ਹੈ। ਇਸ ਖਿਆਲ ਦੀ ਪੁਸ਼ਟੀ ਗੁਰਬਾਣੀ ਵਿਚ ਇਸ ਤਰ੍ਹਾਂ ਕੀਤੀ ਗਈ ਹੈ।

ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ
ਕਿਤੁ ਕਿਤੁ ਦੁਖਿ ਬਿਨਸਿਜਾਈ ॥
ਹਉਮੈ ਵਿਚ ਜਗੁ ਉਪਜੈ ਪੁਰਖਾ
ਨਾਮਿ ਵਿਸਰਿਐ ਦੁਖ ਪਾਈ ॥
ਗੁਰਮੁਖਿ ਹੋਵੈ ਸੁ ਗਿਆਨੁ ਤਤੁ
ਬੀਚਾਰੈ ਹਉਮੈ ਸਬਦਿ ਜਲਾਏ ॥
ਤਨੁ ਮਨੁ ਨਿਰਮਲੁ ਨਿਰਮਲ ਬਾਣੀ
ਸਾਚੈ ਰਹੈ ਸਮਾਏ ॥

(ਪੰਨਾ ੯੪੬ ਗੁਰੂ ਗਰੰਥ ਸਾਹਿਬ)

'ਸੁਖਮਨੀ ਸਾਹਿਬ' ਰਾਂਹੀ ਗੁਰੂ ਸਾਹਿਬ ਨੇ ਬੜੇ ਖੁਲੇ ਸ਼ਬਦਾਂ ਵਿਚ ਸਾਨੂੰ ਹਲੂਨਾ ਦਿਤਾ ਕੇ ਭਾਂਵੇ ਇਕ ਨਹੀਂ' ਅਸੀਂ ਕਰੋੜਾਂ ਕਰਮ ਵੀ ਕਰ ਲਈਏ ਪਰ ਜੇ ਇਨਾਂ ਕਰਮਾਂ ਦੇ ਨਾਲ ਅਸੀਂ ਹੰਕਾਰ ਕਰਦੇ ਹਾਂ ਅਤੇ ਕਹਿੰਦੇ ਹਾਂ ਕੇ ਇਹ ਕੰਮ ਮੈਂ ਕੀਤਾ ਤਾਂ ਸਬ ਕੁਛ ਨਿਸਫਲ ਜਾਇਗਾ। ਕੋਟਿ ਕਰਮ ਕਰੈ ਹਉਧਾਰੇ ਸ੍ਰਮੁ ਪਾਵੈ ਸਗਲੇ ਬਿਰਥਾਰੇ।' ਅਨਿਕ ਤਪਸਿਆ ਕਰੇ ਅਹੰਕਾਰ ॥ ਨਰਕ ਸੁਰਗ ਫਿਰਿ ਫਿਰਿ ਅਵਤਾਰ '॥(ਅਸ਼ਟਪਦੀ ੧੨ ਪਉੜੀ ੩)ਅਤੇ ਕਬੀਰ ਸਾਹਿਬ ਦੇ ਕਥਨ ਅਨੁਸਾਰ 'ਜਬ ਲਗ ਮੇਰੀ ਮੇਰੀ ਕਰੈ। ਤਬ ਲਗੁ ਕਾਜੁ ਏਕੁ ਨਹੀ ਸਰੈ



www.AKJ.Org

ਸਰੈ ॥ ਜਬ ਮੇਰੀ ਮੇਰੀ ਮਿਟਿ ਜਾਇ ॥ ਤਬ ਪ੍ਰਭ ਕਾਜੁ ਸਵਾਰਹਿ ਆਇ ॥ ਪੰਨਾ ੧੧੬੦ ਗੁਰੂ ਗ੍ਰੰਥ ਸਾਹਿਬ ਗੁਰੂ ਅਰਜਨ ਸਾਹਿਬ ਨੇ ਇਸ ਮੈਂ ਮੇਰੀ ਨੂੰ ਦੂਰ ਕਰਨ ਲਈ ਫੁਰਮਾਇਆਂ ਕੇ ਹੇ ਜੀਵ ਸੰਸਾਰਕ ਚੋਜ਼ਾਂ ਲੇਕੇ ਮੇਰੀ ਮੇਰੀ ਦੇ ਜਾਲ ਵਿਚ ਫਸਨ ਦੀ ਬਜਾਏ ਤੂੰ ਉਸ ਮਾਲਕ ਉਸ ਸਿਰਜਨਹਾਰ ਨੂੰ ਯਾਦ ਕਰ ਜਿਸ ਦੀ ਕਿਰਪਾ ਨਾਲ ਇਹ ਸਾਰੇ ਪਦਾਰਥ ਮਕਾਨ ਕੋਠੀਆਂ ਬੰਗਲੇ, ਇਸਤਰੀ ਧੀਆਂ ਪੁਤਰ ਪ੍ਰਵਾਰ ਕੁਟੰਬ ਕਬੀਲਾ ਅਤੇ ਮਾਨ ਵਡੀ ਆਈ ਤੈਨੂੰ ਮਿਲੇ ਹਨ। ਗੁਰੂ ਸਾਹਿਬ ਇਸ ਬਾਰੇ ਕਿਤਨਾ ਸੋਹਨਾਂ ਫੁਰਮਾਨ ਕਰਦੇ ਹਨ

'ਮੇਰੀ ਮੇਰੀ ਕਿਆ ਕਰਹਿ,
ਜਿਨਿ ਦੀਆ ਸੋ ਪ੍ਰਭੁ ਲੋੜਿ ॥
ਸਰਪਰ ਉਠੀ ਚਲਣਾ,
ਛਡਿ ਜਾਸੀ ਲਖ ਕਰੋੜਿ ॥
(ਪੰਨਾ ੫੦ ਗੁਰੂ ਗ੍ਰੰਥ ਸਾਹਿਬ)

ਹੁਣ ਇਹ ਸਵਾਲ ਪੈਦਾ ਹੁੰਦਾ ਹੈ ਕੇ ਕੀ ਹਰ ਆਦਮੀ ਹਉਮੈ ਰੂਪੀ ਕੰਡੇ ਨੂੰ ਆਪਨੇ ਅੰਤਰ ਆਤਮੇ ਵਿਚੋਂ ਪੁਟਕੇ ਬਾਹਰ ਸੁਟ ਸਕਦਾ ਹੈ। ਇਸ ਗਲ ਦਾ ਜਵਾਬ ਗੁਰੂ ਅਮਰ ਦਾਸਜੀਦੀ ਬਾਣੀ ਵਿਚੋਂ ਇਹ ਮਿਲਦਾ ਹੈ। ਕੋਈ ਤਕੜਾ ਤੇ ਬਹਾਦਰ ਸੂਰਮਾ ਹੀ ਹੰਕਾਰ ਰੂਪੀ ਦੁਸ਼ਟ ਨੂੰ ਮਾਰ ਕੇ ਖਤਮ ਕਰ ਸਕਦਾ ਹੈ। ਐਸਾ ਸੂਰਮਾ ਗੁਰਮੁਖਿ ਬਨਕੇ ਨਾਮ ਦੀ ਸ਼ਲਾਘਾ ਕਰਦਾ ਹੈ ਅਤੇ ਆਪਨਾ ਜਨਮ ਸਫਲ ਕਰ ਲੈਂਦਾ ਹੈ! ਇਸ ਦਾ ਫਲ ਉਸ ਨੂੰ ਇਹ ਮਿਲਦਾ ਹੈ ਕੇ ਉਹ ਆਪ ਮੁਕਤ ਹੋਕੇ ਆਪਨੀਆਂ ਕੁਲਾਂ ਨੂੰ ਵੀ ਤਾਰ ਲੈਂਦਾ ਹੈ

'ਨਾਨਕ ਸੋ ਸੂਰਾ ਵਰੀਆਮੁ,
ਜਿਨਿ ਵਿਚਹੁ ਦੁਸ਼ਟੁ ਅਹੰਕਾਰਣੁ ਮਾਰਿਆ।
ਗੁਰਮੁਖਿ ਨਾਮੁ ਸਾਲਾਹਿ,
ਜਨਮੁ ਸਵਾਰਿਆ ॥
ਆਪਿ ਹੋਆ ਸਦਾ ਮੁਕਤੁ,
ਸੱਭੁ ਕੁਲੁ ਨਿਸਤਾਰਿਆ ॥
ਸੋਹਨਿ ਸਚਿ ਦੁਆਰਿ ਨਾਮੁ ਪਿਆਰਿਆ ॥

(ਚਲਦਾ)

(ਪੰਨਾ ੮੬ ਗੁਰੂ ਗ੍ਰੰਥ ਸਾਹਿਬ)

(੨੫ ਕੀ ਬਾਕੀ)

ਪਰਲੀਆਂ ਪਰਚਾਵੇ ਦੀਆਂ ਚਾਟਾਂ ਕਿਥੇ ਲੁਭਾ ਸਕਦੀਆਂ ਸਨ ਮੇਰੀ ਸਿੱਕ ਮੇਰਾ ਹਾਵਾ ਓਡਾ ਕੇਡਾ ਬਣਿਆਂ ਤਣਿਆਂ ਰਿਹਾ। ਮੇਰੀ ਸਿੱਕ ਸਾਵੀਂ ? ਦਾਂਸਾਂਵੀ? ਮੇਰੀ ਆਸਾ ਦਰਸ਼ਨ ਦੀ ਦੂਣੀ ਚੌਣੀ, ਹੋਰ ਆਸਾਂ ਦੇ ਫੁਰਨੇ ਤਾ ਪਹਿਲਾਂ ਹੀ ਮਿਟ ਚੁਕੇ ਸਨ, ਇਕੋ ਇਹੋ ਆਸਾ ਸੀ; ਏਸੇ ਦਾ ਫੁਰਨਾ ਸੀ। (ਚਲਦਾ)

## ਜ਼ਰੂਰੀ ਬੇਨਤੀ

ਮਾਸਕ ਪੱਤਰ 'ਸੂਰਾ' ਦਾ ਅਗਲਾ ਪਰਚਾ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਨਾਨਕ ਨੰਬਰ ਹੋਵੇਗਾ। ਲੇਖਕ ਸਜਣ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਨਾਨਕ ਸਾਹਿਬ ਤੇ ਲੇਖ ਭੇਜ ਕੇ ਧੰਨਵਾਦੀ ਬਣਾਉਨ।

ਦਾਸ:—ਮਨੇਜਰ



www.AKJ.Org

# ਅੰਮ੍ਰਿਤ ਕਦੋਂ ਛਕੀਏ

ਭਾਈ ਜਗਜੀਤ ਸਿੰਘ ਜੀ ਫਰੀਦਾਬਾਦ

ਇਸ ਵਿਚ ਤਾਂ ਰਤੀ ਵੀ ਸੰਦੇਹ ਨਹੀਂ ਕਿ ਇਕ ਸਿੱਖ ਲਈ ਅੰਮ੍ਰਿਤ ਛਕਣਾ ਇਤਨਾ ਹੀ ਜ਼ਰੂਰੀ ਹੈ ਜਿਤਨਾ ਕਿ ਹੋਰ ਸੰਸਾਰਕ ਕਾਰ ਵਿਹਾਰ ਕਰਨਾ । ਅਸੀਂ ਉਦੋਂ ਤਕ ਸਿੱਖ ਅਖਵਾਣ ਦੇ ਹੱਕਦਾਰ ਨਹੀਂ ਜਦ ਤਕ ਖੰਡੇ ਦੀ ਪਹੁਲ ਨਾ ਪੀ ਲਈਏ। ਇਸ ਤੋਂ ਬਗੈਰ ਅਸੀਂ ਨਿਗੁਰੇ ਅਖਵਾਂਵਾਗੇ । ਜਿਸ ਬਾਬਤ ਗੁਰੂ ਜੀ ਨੇ ਇੰਵ ਫੁਰਮਾਇਆ ਹੈ ।

"ਧਰੇ ਕੇਸ ਪਹੁਲ ਬਿਨਾ ਭੇਖੀ ਮੂਰਖ ਸਿੱਖ
ਮੇਰਾ ਦਰਸ਼ਨ ਨਾਹੀ ਤਿਸ ਕਉ ਪਾਪੀ ਤਿਆਗੈ
ਭਿੱਖ" (ਪਾਤਸ਼ਾਹੀ ੧੦)

"ਸਤਿਗੁਰ ਬਾਝਹੁ ਗੁਰੁ ਨਹੀਂ ਕੋਈ,
ਨਿਗੁਰੇ ਕਾ ਹੈ ਨਾਉਂ ਬੁਰਾ"
"ਵਿਣ ਸਤਿਗੁਰ ਸਭ ਨਿਗੋਸਾਵੇ"
(ਵਾਰ ੧੫ ਪਉੜੀ ੧)

"ਗੁਰ ਬਿਨੁ ਸੁਰਤਿ ਨ ਸਿਧਿ,
ਗੁਰੁ ਬਿਨੁ ਮੁਕਤਿ ਨ ਪਾਵੈ"
(ਸਵਈਏ ਮਹਲੇ ਚਉਥੇ ਕੇ ੪ (੧੩੯੯)

ਤਾਤੇ ਅੰਮ੍ਰਿਤ ਪਾਨ ਕਰਨਾ ਅਤਿ ਜ਼ਰੂਰੀ ਹੈ ਪਰ ਸਵਾਲ ਤਾਂ ਇਹ ਹੈ ਕਿ ਅੰਮ੍ਰਿਤ ਕਦੋਂ ਛਕੀਏ ? ਕੀ ਕਿਸੇ ਵੀ ਅਵਸਥਾ ਵਿਚ ਅੰਮ੍ਰਿਤ ਛਕਿਆ ਜਾ ਸਕਦਾ ਹੈ ? ਅਵਸਥਾ ਤੋਂ ਭਾਵ ਉਮਰ ਨਹੀਂ ਸਗੋਂ ਮਾਨਸਕ ਅਵਸਥਾ ਹੈ। ਕੀ ਇਕ ਉੱਜੜ ਤੇ ਸ਼ਰਾਬੀ ਕਬਾਬੀ ਮਨੁੱਖ ਨੂੰ ਫੜ ਕੇ ਧਿੰਗੋਜ਼ੋਰੀ ਅੰਮ੍ਰਿਤ ਛਕਾ ਦੇਣਾ ਕੁਝ ਲਾਹੇਵੰਦ ਸਾਬਤ ਹੋ ਸਕਦਾ ਹੈ ? ਕੀ ਇਕ ਅਜਿਹੇ ਮਨੁਖ ਨੂੰ, ਜਿਸ ਨੂੰ ਗੁਰਮਤ ਦੀ ਲਾਗ ਹੀ ਨਹੀਂ ਲੱਗੀ–ਜਿਸ ਨੂੰ ਅੰਮ੍ਰਿਤ ਦੀ ਅਹਿਮੀਅਤ ਦਾ ਹੀ ਨਹੀਂ ਪਤਾ, ਫੜਕੇ ਅੰਮ੍ਰਿਤ ਛਕਾ ਦੇਣਾ ਯੋਗ ਹੈ। ਕਦਾਚਿਤ ਨਹੀ! ਇਹ ਪੁੰਨ ਨਹੀਂ ਸਗੋਂ ਅੰਮ੍ਰਿਤ ਦੀ ਬੇਅਦਬੀ ਕਰਨ ਵਾਲੀ ਗਲ ਹੈ। ਅੰਮ੍ਰਿਤ ਕੋਈ ਏਡੀ ਸਸਤੀ ਵਸਤੂ ਨਹੀਂ ਜਿਸ ਨੂੰ ਇਸ ਤਰ੍ਹਾਂ ਜ਼ਾਇਆ ਕੀਤਾ ਜਾਏ। ਇਹ ਤਾ ਉਹ ਅਮੋਲਕ ਦਾਤ ਹੈ ਜੋ ਸਿਰਫ ਭਾਗਾ ਵਾਲਿਆਂ ਨੂੰ ਹੀ ਨਸੀਬ ਹੁੰਦੀ ਹੈ। ਇਸ ਵਿਚ ਉਹ ਤਾਕਤ ਹੈ ਜਿਸ ਨਾਲ ਦਸ਼ਮੇਸ਼ ਪਿਤਾ ਜੀ ਨੇ ਚਿੱੜੀਆ ਕੋਲੋਂ ਬਾਜ਼ ਤੁੜਵਾਏ, ਇਹ ਉਹ ਸ਼ਕਤੀ ਹੈ ਜਿਸ ਨੂੰ ਗ੍ਰਹਿਣ ਕਰਕੇ ਇਕ ਇਕ ਖਾਲਸਾ ਸਵਾ ਲੱਖ ਨਾਲ ਮੁਕਾਬਲਾ ਕਰ ਸਕਦਾ ਸੀ। ਪਰ ਅੱਜ ਦੇ ਖਾਲਸੇ ਵਿਚ ਉਹ ਸ਼ਕਤੀ ਕਿਉਂ ਨਹੀਂ ਕਦੇ ਕਿਸੇ ਸੋਚਿਆ ਹੈ ? ਇਸ ਦਾ ਕਾਰਨ ਹੈ ਸਾਡਾ ਅਧੂਰਾ ਜੀਵਨ। ਅਸੀਂ ਪੂਰੇ ਨਹੀਂ ਹਾਂ । ਸਾਡੇ ਅਮਲ ਠੀਕ ਨਹੀਂ ਹਨ, ਸਾਡਾ ਕਾਰ ਵਿਹਾਰ ਠੀਕ ਨਹੀਂ । ਗੱਲ ਕੀ ਸਾਡੀ ਰਹਿਣੀ, ਬਹਿਣੀ, ਕਹਿਣੀ ਸਹਿਣੀ ਕੋਈ ਵੀ ਗੁਰਮਤਿ ਅਨੁਕੂਲ ਨਹੀਂ ।

## ਸੋ ਅੰਮ੍ਰਿਤ ਛਕਣ ਤੋਂ ਪਹਿਲਾਂ ਉਨ੍ਹਾਂ ਗੁਣਾਂ ਦਾ ਹੋਣਾ



www.AKJ.Org

## ਲਾਜ਼ਮੀ ਹੈ

ਜਿੰਨ੍ਹਾਂ ਦੀ ਬਦੌਲਤ ਅੰਮ੍ਰਿਤ ਛਕਣ ਮਗਰੋਂ ਸਾਡੇ ਵਿਚ ਵੀ ਉਹ ਸ਼ਕਤੀ ਪ੍ਰਵੇਸ਼ ਕਰੇ ਜੋ ਦਸ਼ਮੇਸ਼ ਪਿਤਾ ਜੀ ਨੇ ਆਪਣੇ ਸਰੂਪ ਖਾਲਸਿਆਂ ਵਿੱਚ ਪੈਦਾ ਕੀਤੀ।

ਹੁਣ ਇਹ ਦੇਖਣਾ ਹੈ ਕਿ ਉਹ ਗੁਣ ਕਿਹੜੇ ਹਨ ਜਿਨ੍ਹਾਂ ਕਰਕੇ ਅੰਮ੍ਰਿਤ ਦੀ ਜ਼ਾਹਰਾ ਜ਼ਹੂਰ ਕਲਾ ਸਾਂਗੋ ਪਾਂਗ ਹੋ ਕੇ ਵਰਤ ਸਕਦੀ ਹੈ। ਉਹ ਹਨ......ਅੰਮ੍ਰਿਤ ਵੇਲੇ ਜਾਗਣਾ, ਬਾਣੀ ਪੜ੍ਹਨਾ, ਅਤੇ ਵੈਰਾਗ ਮਈ ਦਸ਼ਾ ਵਿੱਚ ਅਰਦਾਸਾਂ ਕਰਨੀਆਂ। ਇਸ ਤੋਂ ਉਪਰੰਤ ਸੰਗਤ ਦੀ ਹਥੀਂ ਸੇਵਾ ਕਰਨੀ ਤੇ ਸਤਿਗੁਰੂ ਜੀ ਦੀ ਧੁਰੋਂ ਪਠਾਈ ਬਾਣੀ ਦੇ ਅਖੰਡ ਕੀਰਤਨ ਕਰਨੇ ਅਤੇ ਸੁਣਨੇ ਜਿਸ ਨਾਲ ਮਨ ਦੀ ਮੈਲ ਉਤਰ ਕੇ ਹਿਰਦਾ ਸ਼ੁਧ ਹੋ ਜਾਵੇ ਜਿਹਾ ਕਿ ਗੁਰਵਾਕ "ਇਸ ਮਨ ਕੌ ਜਨਮ ਜਨਮ ਕੀ ਮਲ ਲਾਗੀ, ਕਾਲਾ ਹੋਆ ਸਿਆਹੁ॥

ਉਪਰੋਕਤ ਗੁਰਵਾਕ ਤੋਂ ਸਪਸ਼ਟ ਹੈ ਕਿ ਸਾਡੀ ਕੀ ਅਵਸਥਾ ਹੈ। ਇਸ ਲਈ ਸਾਨੂੰ ਬੜੀ ਮਿਹਨਤ ਦੀ ਲੋੜ ਹੈ—ਕਮਾਈ ਦੀ ਲੋੜ ਹੈ—ਜੀਵਨ ਨੂੰ ਗੁਰਮਤ ਅਨੁਸਾਰ ਢਾਲ ਕੇ ਸੱਚ ਤੇ ਸੁੱਚਾ ਬਣਾਨ ਦੀ ਲੋੜ ਹੈ ਤਾਂ ਜੁ ਅੰਮ੍ਰਿਤ ਦੀ ਵਡਮੁਲੀ ਦਾਤ ਦੇ ਹੱਕਦਾਰ ਬਣ ਸਕੀਏ। ਨੋਟ:—ਅੰਮ੍ਰਿਤ ਉਦੋਂ ਛਕਿਆ ਜਾਏ ਤਾਂ ਜ਼ਿਆਦਾ ਲਾਹੇਵੰਦ ਸਾਬਤ ਹੋਵੇਗਾ ਜਦੋਂ ਜਗਿਆਸੂ ਦੀ ਆਤਮਕ ਅਵਸਥਾ ਨੂੰ ਇਸ ਦੀ ਅਤਿ ਪਿਆਸ ਹੋਵੇ। ਪਿਆਸ ਤੋਂ ਪਹਿਲਾਂ ਸਪਸ਼ਟ ਹੈ ਜਗਿਆਸੂ ਆਪਣੇ ਅੰਤਰਕਰਣ ਨੂੰ ਹਰ ਗੁਰਮਤਿ ਯਤਨਾ ਨਾਲ ਸ਼ੁਧ ਕਰੇ। ਬਾਣੀ, ਕੀਰਤਨ ਤੇ ਸਤਸੰਗ ਸ਼ੁਧਤਾ ਬਖਸ਼ਣ ਵਿੱਚ ਸਮਰਥ ਹਨ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਪੁਰਾਤਨ ਅੰਮ੍ਰਿਤ ਸੰਚਾਰਾਂ ਦੇ ਇਤਿਹਾਸ ਤੋਂ ਪਤਾ ਲਗਦਾ ਹੈ ਕਿ ਅਭਿਲਾਖੀ ਜਨ ਸਾਲ ਸਾਲ ਦੋ ਦੋ ਸਾਲ ਲਟ ਬੌਰਿਆਂ ਵਾਂਗ ਅੰਮ੍ਰਿਤ ਲਈ ਤਰਲੇ ਲੈਂਦੇ ਸਨ ਪਰ ਗਟਾਕ ਪੀਣ ਦੀ ਦੇਰ ਹੁੰਦੀ ਸੀ, ਕਿ ਅਵਸਥਾ ਵਿੱਚ ਨਵਾਂ ਜੀਵਨ ਸੰਚਾਰਿਤ ਹੋ ਜਾਂਦਾ ਸੀ। ਇਹਨਾ ਦੀਆਂ ਮਿਸਾਲਾਂ ਰੰਗਲੇ ਸਜਣ ਨਾਮੇ ਪੁਸਤਕ ਵਿੱਚ ਦਿਤੀਆਂ ਹੋਈਆਂ ਹਨ।

ਸੰਪਾਦਿਕ

## ਗੁਰਮਤਿ ਆਨੰਦ ਕਾਰਜ

੬ ਨਵੰਬਰ ੧੯੬੬ ਦਿਨ ਐਤਵਾਰ ਨੂੰ ਭਾਈ ਦੁਰਲਭ ਸਿੰਘ ਜੀ ਦੇ ਗਰੈਹ ਵਿਖੇ ਡੀ ਸੀ ਰੋਡ ਮਕਾਨ ਨੰ: ੨੪੧੬ ਅੰਬਾਲਾ ਛਾਉਨੀ ਉਹਨਾਂ ਦੀ ਸਪੁਤਰੀ ਦੇ ਆਨੰਦ ਕਾਰਜ ਦੇ ਸਬੰਧ ਵਿਖੇ ਅਮਰਿਤ ਵੇਲੇ ਕੀਰਤਨ ਸ੍ਰੀ ਆਸਾ ਦੀ ਵਾਰ ਉਪਰੰਤ ਆਨੰਦ ਕਾਰਜ ਹੋਵੇਗਾ। ਸਰਬਤ ਸੰਗਤਾਂ ਦਰਸ਼ਨ ਦੇਣ ਦੀ ਕਿਰਪਾਲਤਾ ਕਰਨ ਜੀ।



www.AKJ.Org

# ਗੁਰੂ ਨਾਨਕ ਦੇਵ ਜੀ ਦਾ ਮਾਨਵ ਵਾਦ

(ਪ੍ਰੋ. ਕੁਲਦੀਪ ਕੌਰ M.A. M.Ed. ਪਟਿਆਲਾ)

ਮਨੁੱਖ ਨੂੰ ਮਨੁੱਖ ਦੇ ਰੂਪ ਵਿੱਚ ਵੇਖਣਾ, ਨ ਕਿ ਰਾਜਾ ਪਰਜਾ, ਨੌਕਰ ਮਾਲਿਕ, ਉੱਚੇ ਨੀਵੇਂ ਅਤੇ ਅਮੀਰ ਗਰੀਬ ਦੇ ਰੂਪ ਵਿੱਚ, ਇਹ ਹੈ ਸਹੀ ਮਾਨਵਵਾਦੀਆਂ ਦਾ ਕਰਤੱਵ ਅਤੇ ਇਹੋ ਹੈ ਆਦਰਸ਼ ਜਿਸ ਨੂੰ ਕਿਸੇ ਨ ਕਿਸੇ ਰੂਪ ਵਿੱਚ ਸਾਰੇ ਧਰਮਾਂ ਦੇ ਆਗੂਆਂ ਤੇ ਮਹਾਂ-ਪੁਰਸ਼ਾਂ ਨੇ ਅਪਨਾਇਆ ਤੇ ਪਰਚਾਰਿਆ। ਵਾਸਤਵ ਵਿੱਚ ਮਾਨਵ-ਵਾਦ ਕਹਿਆ ਹੀ ਉਸ ਵਿਚਾਰ ਧਾਰਾ ਨੂੰ ਜਾਂਦਾ ਹੈ ਜਿਸ ਅਨੁਸਾਰ ਮਨੁੱਖ ਨੂੰ ਸੰਸਾਰ ਦੇ ਸਾਰੇ ਜੀਵਾਂ ਨਾਲੋਂ ਵਿਸ਼ਿਸ਼ਟ ਮੰਨਿਆ ਜਾਵੇ ਅਤੇ ਉਸਨੂੰ ਅਧਿਐਨ ਦਾ ਕੇਂਦ੍ਰ ਹੀ ਨਹੀਂ ਸਗੋਂ ਸੰਸਾਰ ਦੇ ਸਰਵ-ਸ੍ਰਿਸ਼ਟ ਪਦਾ-ਰਥਾਂ ਦਾ ਅਧਿਕਾਰੀ ਖਿਆਲ ਕੀਤਾ ਜਾਵੇ। ਵਰਤਮਾਨ ਸਮੇਂ ਦੇ ਵਿਦਵਾਨ ਮਾਨਵਵਾਦ ਦਾ ਸੰਬੰਧ ਯੂਨਾਨੀ ਵਿਚਾਰ ਧਾਰਾ ਨਾਲ ਜੋੜਦੇ ਹਨ ਪਰ ਯੂਨਾਨ ਵਿੱਚ ਮਾਨਵਤਾ ਦਾ ਦਰਜਾ ਕੁੱਝ ਵਿਸ਼ੇਸ਼ ਵਿਅਕਤੀਆਂ ਤੇ ਸ਼੍ਰੇਣੀਆਂ ਨੂੰ ਹੀ ਦਿੱਤਾ ਜਾਂਦਾ ਸੀ। ਸਮਾਜ ਦੇ ਕੁੱਝ ਅਜੇਹੇ ਅੰਗਵੀ ਸਨ ਜਿਨ੍ਹਾਂ ਨੂੰ ਸਮਾਜ ਦਾ ਆਵੱਸ਼ਕ ਪਰ ਦੁਰ-ਕਾਰਨ ਯੋਗ ਅੰਗ ਸਮਝਿਆ ਜਾਂਦਾ ਸੀ। ਇਥੋਂ ਤਕ ਕਿ ਇਥੇ ਇਕ ਸਮੇਂ ਇਸਤ੍ਰੀਆਂ ਤੇ ਬੱਚਿਆਂ ਨੂੰ ਵੀ ਮਾਨਵਤਾ ਤੋਂ ਦੂਰ ਦੀ ਵਸਤੂ ਖਿਆਲ ਕੀਤਾ ਜਾਣ ਲਗਾ।

ਅਜੋਕੇ ਸਮੇਂ ਵਿੱਚ ਅਮਰੀਕਾ ਨਿਵਾਸੀਆਂ ਨੇ ਵੀ ਮਨੁੱਖ ਦੇ ਮਹੱਤਵ ਨੂੰ ਸਮਝਦਿਆਂ ਹੋਇਆਂ ਉਸਨੂੰ ਸੰਸਾਰ ਦੇ ਹੋਰ ਸਭ ਸਜੀਵ ਤੇ ਨਿਰ-ਜੀਵ ਪਦਰਥਾਂ ਤੇ ਉੱਤਮ ਮੰਨਿਆ ਅਤੇ ਹਰ ਵਸਤੂ ਤੇ ਹਰ ਵਿਚਾਰ ਦੀ ਵਿਸ਼ੇਸ਼ਤਾ ਮਨੁੱਖੀ ਵਰਤੋਂ ਦੇ ਪੱਖ ਤੋਂ ਹੀ ਕਰਨੀ ਅਰੰਭ ਕੀਤੀ। ਉਨ੍ਹਾਂ ਨੇ ਸੱਤਯ ਦੀ ਭਾਲ ਕੀਤੀ ਤਾਂ ਵੀ ਮਨੁੱਖ ਨੂੰ ਸਾਮ੍ਹਣੇ ਰਖਿਆ ਅਤੇ ਦੱਸਿਆ ਕਿ ਉਹ ਹੀ ਵਿਚਾਰ ਜਾਂ ਸਿਧਾਂਤ ਸੱਚ ਹੈ ਜਿਸਦੇ ਸਿੱਟੇ ਮਨੁੱਖ ਲਈ ਲਾਭਵੰਦੇ ਹੋਣ ਇਸ ਤਰ੍ਹਾਂ ਇਕ ਵਿਚਾਰ ਜੋ ਇਕ ਮਨੁੱਖ ਲਈ ਸੱਤਯ ਹੈ, ਹੋ ਸਕਦਾ ਹੈ ਦੂਜੇ ਮਨੁੱਖ ਲਈ ਸਤੱਯ ਨਾ ਹੋਵੇ। ਇਸ ਵਿਚਾਰ ਧਾਰਾ ਨੂੰ ਉਨ੍ਹਾਂ ਨੇ Pragmatishs ਦਾ ਨਾਂ ਦਿੱਤਾ ਹੈ ਅਤੇ ਉਨ੍ਹਾਂ ਦੇ ਜੀਵਨ ਦੀ ਹਰ ਕ੍ਰਿਆ ਇਸੇ ਸਿਧਾਂਤ ਅਨੁਸਾਰ ਰੂਪਮਾਨ ਹੋ ਰਹੀ ਹੈ।

ਹੋਰ ਵੀ ਕਈ ਪ੍ਰਕਾਰ ਦੇ ਮਾਨਵਵਾਦੀ ਹੋਏ ਹਨ ਜਿਨ੍ਹਾਂ ਨੇ ਮਨੁੱਖ ਨੂੰ ਹੀ ਸੰਸਾਰ ਮੰਚ (World Stage) ਦਾ ਮੁੱਖ ਪਾਤ੍ਰ ਮੰਨਿਆ ਅਤੇ ਆਪਣਾ ਹਰ ਕਾਰਜ-ਕ੍ਰਮ ਮਨੁਖੀ ਦ੍ਰਿਸਟੀ ਕੋਣ ਤੋਂ ਹੀ ਨਿਸਚਿਤ ਕੀਤਾ।

ਭਾਰਤ ਵਿਚ ਤਾਂ ਮਾਨਵਵਾਦ ਪ੍ਰਾਚੀਨ ਸਮਿਆਂ ਤੋਂ ਹੀ ਵਿਸ਼ਿਸ਼ਟ ਰੂਪ ਵਿੱਚ ਸਤਿ-ਕਾਰ ਪ੍ਰਾਪਤ ਕਰਦਾ ਆ ਰਹਿਆ ਹੈ। ਮਹਾ-ਵੀਰ, ਰਾਮਾਨੁਜ, ਕਬੀਰ, ਸ਼ੰਕਰਾ ਚਾਰਯ ਆਦਿ ਸਭਨਾਂ ਨੇ ਮਨੁੱਖੀ ਭਲਾਈ ਲਈ ਯਤਨ ਕੀਤੇ ਅਤੇ ਮਨੁੱਖ ਨੂੰ ਨਿਰਵਾਣ ਪ੍ਰਾਪਤੀ ਦਾ ਰਾਹ ਦਰਸਾਇਆ। ਇਨ੍ਹਾ ਨੇ ਮਨੁੱਖਾ ਜੀਵਨ ਨੂੰ ਮੁਕਤੀ ਦੀ ਪ੍ਰਾਪਤੀ ਲਈ ਅਣਮੋਲ ਸਮਾਂ ਮੰਨਿਆ। ਇਨ੍ਹਾਂ ਸਾਰਿਆਂ ਦੀ ਵਿਚਾਰ ਧਾਰਾ ਉਤੇ ਮਹਾਤਮਾ ਬੁੱਧ ਦੀ ਛਾਪ ਲਗੀ ਹੋਈ ਦਿਸਦੀ ਹੈ। ਮਹਾਤਮਾ ਬੁੱਧ ਪਹਿਲਾ ਅਵਤਾਰ ਸੀ ਜਿਸਨੇ ਮਨਾਵ ਵਾਦੀ ਦ੍ਰਿਸ਼ਟੀ ਕੋਣ ਨੂੰ



www.AKJ.Org

ਨੂੰ ਸਾਮ੍ਹਣੇ ਰਖਿਆ, ਉੱਚੇ ਨੀਵੇਂ ਦਾ ਅੰਤਰ ਮਿਟਾਇਆ ਅਤੇ ਜਨਮ ਦੇ ਅਧਾਰ ਤੇ ਵਖੇਵਿਆਂ ਨੂੰ ਖ਼ਤਮ ਕੀਤਾ। ਉਸਨੇ ਸ਼ਾਂਤੀ, ਪਿਆਰ ਤੇ ਭ੍ਰਤ੍ਰੀਅਤਾ ਦਾ ਸੰਦੇਸ਼ ਦਿੱਤਾ ਅਤੇ ਸਾਰਿਆਂ ਨੂੰ ਆਪਣੀ ਗਲ ਵਕੜੀ ਵਿੱਚ ਲੈਕੇ ਨਿਰਵਾਣ ਮਾਰਗ ਦੀ ਸੋਝੀ ਕਰਾਈ। ਅਹਿੰਸਾ ਨੂੰ ਨਿਰਵਾਣ ਦਾ ਇਕ ਵਿਸ਼ੇਸ਼ ਸਾਧਨ ਦਸੱਕੇ ਮਹਾਤਮਾ ਬੁੱਧ ਨੇ ਜੀਵਾਂ ਨੂੰ ਦੁਖ ਦੇਣ ਤੋਂ ਰੋਕਿਆ। ਅਸ਼ਟ-ਮਾਰਗ ਦੇ ਪੱਥ-ਪ੍ਰਦਰਸ਼ਕ ਬਣ ਕੇ ਇਨ੍ਹਾਂ ਨੇ ਮਨੁੱਖਾ ਜੀਵਨ ਜੀਉਣ ਦਾ ਅੱਦੁਤੀ ਢੰਗ ਦਸਿਆ। ਪਰ ਬੁੱਧ-ਮਤ ਦਾ ਦੁਖਾਂਤ ਇਹ ਹੈ ਕਿ ਧਰਤੀ ਤੇ ਅਕਾਸ਼, ਸਰੀਰਕ ਤੇ ਪਰਾਸਰੀਰਕ ਅਤੇ ਪਦਾਰਥਕ ਤੇ ਅਧਿਆਤਮਕ ਵਿਸ਼ੇ ਇਸਦੇ ਘੇਰੇ ਵਿੱਚ ਇਕੱਠੇ ਨਹੀਂ ਆਉਂਦੇ। ਜੋ ਫਲਸਫ਼ਾ ਭੌਤਿਕਤਾ ਤੇ ਅਧਿਆਤਮਕਤਾ ਨੂੰ ਇਸ ਤਰਾਂ ਭਿੰਨ ਭਿੰਨ ਭਾਗਾਂ ਵਿਚ ਵੰਡ ਦੇਵੇ ਉਹ ਛੇਤੀ ਹੀ ਲੋਕਾਂ ਨੂੰ ਦੁਖਾਵਾਂ ਜਾਪਣ ਲਗ ਪੈਂਦਾ ਹੈ। ਮਨੁਖ ਦੀਆਂ ਆਤਮਿਕ ਤੇ ਸਰੀਰਕ ਲੋੜਾਂ ਪੂਰੀਆਂ ਕਰਨ ਲਈ ਇਨ੍ਹਾਂ ਨੂੰ ਉਸੇ ਤਰ੍ਹਾਂ ਇੱਕ ਇਕਾਈ ਦਾ ਰੂਪ ਦੇਣਾ ਆਵੱਸ਼ਕ ਹੈ। ਜਿਸਤਰ੍ਹਾਂ ਅਕਾਲ ਪੁਰਖ ਨੇ ਸਰੀਰ ਤੇ ਆਤਮਾ ਨੂੰ ਦਿੱਤਾ ਹੈ। ਆਤਮਾ ਤੇ ਸਰੀਰ ਦੀਆਂ ਲੋੜਾਂ ਨੂੰ ਨਿਖੇੜਨ ਕਰਕੇ ਹੀ ਬੁੱਧ-ਮੱਤ ਹੌਲੀ ਹੌਲੀ ਧਰਤੀ ਤੋਂ ਅਲੋਪ ਹੋਣ ਅਰੰਭ ਹੋ ਗਇਆ।

ਈਸਾ ਮਸੀਹ ਨੇ ਵੀ ਸ਼ਾਂਤੀ, ਪਿਆਰ ਤੇ ਖੁਸ਼ੀ ਦਾ ਸੰਦੇਸ਼ ਦਿੱਤਾ। ਗਰੀਬੀ ਤੇ ਨਿਮ੍ਰਤਾ ਨੂੰ ਵਡਿਆਉਂਦਿਆ ਹੋਇਆਂ ਈਸਾ ਨੇ ਆਖਿਆ :–

'It is easier for a camel to go through the eyes of a needle than for a rich man to enter into the kingdom of God.

ਅਰਥਾਤ ਇਕ ਊਂਠ ਲਈ ਸੂਈ ਦੇ ਨੱਕੇ ਵਿਚੋਂ ਲੰਘ ਜਾਣਾ ਸੰਭਵ ਹੈ ਪਰ ਇਕ ਅਮੀਰ ਪੁਰਸ਼ ਨੂੰ ਪ੍ਰਭੂ ਦੀ ਪ੍ਰਾਪਤੀ ਨਹੀਂ ਹੋ ਸਕਦੀ।

ਇਹ ਕੁਝ ਕਹਿ ਕੇ ਈਸਾ ਨੇ ਮਨੁਖ ਦਾ ਸਤਿਕਾਰ ਮਨੁੱਖ ਹੋਣ ਦੇ ਨਾਤੇ ਕੀਤਾ, ਪੈਸੇ ਨੂੰ ਵਡਿਆਈ ਦਾ ਪੈਮਾਨਾ ਨਹੀਂ ਮੰਨਿਆ। ਇਸ ਦੇ ਵਿਪ੍ਰੀਤ ਮਨੁਖੀ ਮਨ ਉਤੇ ਪੈਸੇ ਦਾ ਅਜਿਹਾ ਬੁਰਾ ਪ੍ਰਭਾਵ ਦਸਿਆ ਜਿਸ ਨਾਲ ਮਨੁੱਖ ਉਸ ਪ੍ਰਭੂ ਦੀ ਗੋਦ ਵਿੱਚ ਬਹਿਣ ਦੇ ਯੋਗ ਨਹੀਂ ਰਹਿ ਜਾਂਦਾ। ਇੰਨਾ ਕੁਝ ਹੁੰਦਿਆ ਹੋਇਆਂ ਵੀ ਈਸਾ ਨੇ ਮਨੁਖਾਂ ਨੂੰ ਮਨੁਖ ਨਹੀਂ ਸਗੋਂ ਭੇਡਾਂ ਸਮਾਨ ਸਮਝਿਆ ਅਤੇ ਯਕੀਨ ਦਵਾਇਆ ਕਿ ਜਿਹੜਾ ਵੀ ਮੇਰੇ ਪਿੱਛੇ ਲਗੇਗਾ ਉਸ ਦਾ ਪਾਰ ਉਤਾਰਾ ਹੋਵੇਗਾ :–

'And every one who has left house, or brothers, or sister. or father, or mother, or wife, or Children, or lands, for my name's sake, shall receive a hundred fold, and shall possess life everlasting. (The Holy Gospel by St. Mathew)

ਅਰਥਾਤ ਜਿਸ ਕਿਸੇ ਨੇ ਵੀ ਮੇਰੇ ਨਾਂ ਪਿਛੇ ਘਰ, ਭਰਾ, ਭੈਣ, ਪਿਤਾ, ਮਾਤਾ, ਪਤਨੀ ਬੱਚਿਆਂ ਜਾਂ ਜਾਗੀਰਾ ਨੂੰ ਤਿਆਗ ਦਿੱਤਾ ਹੋਵੇਗਾ ਉਸ ਨੂੰ ਇਹ ਸਭ ਕੁਝ ਸੌ ਗੁਣਾ ਵਧੇਰੇ ਮਿਲੇਗਾ ਅਤੇ ਨਾਲ ਹੀ ਅਮਰ ਜੀਵਨ ਦੀ ਪ੍ਰਾਪਤੀ ਹੋਵੇਗੀ।

ਹਜ਼ਰਤ ਮੁਹੰਮਦ ਨੇ ਵੀ ਮਨੁਖ ਤੇ ਰੱਬ ਦੀ ਏਕਤਾ ਉਤੇ ਜ਼ੋਰ ਦੇਣ ਦੇ ਉਪਰੰਤ ਵੀ ਬਹਿਸ਼ਤ ਦੇ ਦਰਵਾਜ਼ੇ ਕੇਵਲ ਆਪਣੇ ਪੈਰੋਕਾਰਾਂ ਲਈ, ਜਿਨ੍ਹਾਂ ਨੂੰ ਉਹ ਮੋਮਨ ਕਹਿੰਦੇ ਸਨ, ਖੁੱਲੇ ਰਖੇ। ਹੋਰ ਸਭ ਲਈ ਬਹਿਸ਼ਤ ਦਾ ਦਰ ਬੰਦ ਸੀ। ਇਸ ਤਰ੍ਹਾਂ ਮਾਨਵਤਾ ਦੇ ਪੁਜਾਰੀ ਹੋਣ ਦਾ ਦਾਅਵਾ ਕਰਦਿਆਂ ਹੋਇਆਂ ਵੀ ਉਹ ਮਾਨਵਤਾ ਤੋਂ ਕੋਹਾਂ ਦੂਰ ਸਨ।

ਚਲਦਾ



www.AKJ.Org

# ਡਿੱਠੇ ਸੁਣੇ ਤੇ ਹਢੀਂ ਵਾਪਰੇ ਬ੍ਰਿਤਾਂਤ

( ਭਾਈ ਸੁਰਜਨ ਜੀ ਗੁਜਰਵਾਲ )

( ਭਗੌੜੇ ਹੋਣ ਦੀ ਵਿਥਿਆ )

੭

ਇਹ ਸਮਾਚਾਰ ਦਾਸ ਨੇ ਤੁਛ ਜਿਹੀ ਬੁਧੀ ਦੇ ਨਾਲ ਥੋੜਾ ਜਿਹਾ ਲਿਖ ਦਿਤਾ ਹੈ। ਇਹ ਸਮਾਚਾਰ ਜੇਹਲ ਜਾਣ ਤੋਂ ਪਹਿਲਾਂ ਦੇ ਹਨ। ਸੰਨ ੧੯੧੫ ਵਿਚ ਭਾਈ ਸਾਹਿਬ ਜੀ ਆਪਣੇ ਪਿਤਾ ਸਰਦਾਰ ਨੱਥਾ ਸਿੰਘ ਜੀ ਪਾਸ ਨਾਭੇ ਠਹਿਰੇ ਹੋਏ ਸਨ। ਇਨਾਂ ਦੇ ਪਿਤਾ ਨਾਭੇ ਵਿਚ ਜੱਜ ਸਨ। ਏਧਰ ਲੁਧਿਆਣੇ ਦੀ ਪੁਲਸ ਨੇ ਸਾਡੇ ਖਿਲਾਫ ਝੂਠੇ ਸਚੇ ਉਗਵਾਹ ਬਣਾ ਕੇ ਕੇਸ ਬਣਾ ਲਿਆ ਤੇ ਇਨ੍ਹਾਂ ਨੂੰ ਸੰਨ ੧੯੧੫ ਵਿਚ ਸ੍ਰੀ ਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਨਾਭੇ ਗ੍ਰਿਫਤਾਰ ਕਰ ਲਏ ਗਏ ਸਨ। ਦਾਸ ਭਾਈ ਸਾਹਿਬ ਜੀ ਨੂੰ ਨਾਭੇ ਮਿਲਣ ਲਈ ਗਿਆ ਤੇ ਉਥੇ ਭਾਈ ਸਾਹਿਬ ਸਿਰਫ ਇਕ ਮਕਾਨ ਵਿਚ ਨਜ਼ਰ ਬੰਦ ਕੀਤੇ ਹੋਏ ਸਨ ਮਿਲਣ ਦੀ ਕੋਈ ਮਨਾਹੀ ਨਹੀਂ ਸੀ। ਮੇਰੇ ਨਾਲ ਭਾਈ ਸਾਹਿਬ ਜੀ ਨੇ ਇਸ ਕੇਸ ਦੇ ਬਾਰੇ ਵਿਚ ਬਹੁਤ ਬਚਨ ਕੀਤੇ ਤੇ ਭਾਈ ਸਾਹਿਬ ਜੀ ਨੇ ਦਾਸ ਨੂੰ ਕਿਹਾ ਹੁਣ ਤੂ ਨਾਰੰਗਵਾਲ ਨੂੰ ਜਾਹ ਤੇ ਗਿਆਨੀ ਨਾਹਰ ਸਿੰਘ ਨੂੰ ਨਾਲ ਲੈ ਲਵੀਂ ਦੋਨੋ ਜਣੇ ਘਰ ਜਾ ਕੇ ਕੋਈ ਇਤਰਾਜ਼ ਵਾਲਾ ਕਾਗਜ਼ ਜਾਂ ਹੋਰ ਵੀ ਕੋਈ ਚੀਜ਼ ਹੋਵੇ ਤਾਂ ਲਾਂਭੇ ਕਰ ਦੇਣੀ। ਅਸੀਂ ਦੋਹਾਂ ਜਣਿਆਂ ਨੇ ਐਸਾ ਹੀ ਕੀਤਾ। ਸਾਰੇ ਘਰ ਦੀ ਤਲਾਸ਼ੀ ਲਈ ਪਰ ਸਾਨੂੰ ਉਥੋਂ ਇਤਰਾਜ਼ ਵਾਲੀ ਕੋਈ ਚੀਜ਼ ਨਾ ਲਭੀ। ਸ੍ਰੀ ਮਾਨ ਭਾਈ ਸਾਹਿਬ ਜੀ ਨੂੰ ਨਾਭੇ ਤੋਂ ਲੋਹੱਟ ਬੱਦੀ ਲਿਆਂਦਾ ਗਿਆ। ਏਥੇ ਪੁਲਸ ਵਾਲਿਆ ਨੇ ਕਈ ਦਿਨ ਰੱਖ ਕੇ ਫੇਰ ਲੁਧਿਆਣੇ ਲੈ ਆਦਾਂ। ਏਥੇ ਭਾਈ ਸਾਹਿਬ ਜੀ ਨੂੰ ਕੁਤਵਾਲੀ ਵਿਚ ਡੱਕ ਦਿਤਾ ਫੇਰ ਭਾਈ ਸਾਹਿਬ ਜੀ ਦੇ ਘਰ ਦੀ ਤਲਾਸ਼ੀ ਬੀ ਹੋਈ ਸਾਡੇ ਘਰਾਂ ਦੀ ਤਲਾਸ਼ੀ ਲੈਣ ਵਾਸਤੇ ਵੀ ਪੁਲਸ ਆ ਗਈ। ਨਾਹਰ ਸਿੰਘ ਗਿਆਨੀ ਤੇ ਦਾਸ ਤੇ ਹਰਨਾਮ ਸਿੰਘ ਤੇ ਜਗਾ ਸਿੰਘ ਤੇ ਸਰਵਣ ਸਿੰਘ ਨੂੰ ਲੁਦਿਆਣੇ ਕੁਤਵਾਲੀ ਵਿਚ ਲੈ ਆਂਦਾ ਤੇ ਗਿਆਨੀ ਹਰਭਜਨ ਸਿੰਘ ਜੀ ਨੂੰ ਭੀ ਚਮਿੰਡਿਆਂ ਤੋਂ ਲੁਦਿਆਣੇ ਕੁਤਵਾਲੀ ਵਿਚ ਲੈ ਆਂਦਾ। ਕੁਛ ਦਿਨਾਂ ਤੋਂ ਬਾਦ ਸਾਨੂੰ ਸਾਰਿਆਂ ਨੂੰ ਕਤਾਰ ਵਿਚ ਖੜ੍ਹਾ ਕੇ ਭਗਤ ਸਿੰਘ ਬਲੋਂਵਾਲੀਏ ਨੂੰ ਵਾਇਦਾ ਮੁਆਫ ਗੁਆਹ ਲੈ ਕੇ ਸਾਡਾ ਸਾਰਿਆਂ ਦਾ ਨਾਮਲੈ ਦਿਤਾ ਕਿ ਇਹ ਸਾਰੇ ਫਿਰੋਜ਼ਪੁਰ ਕਿਲੇ ਤੇ ਕਬਜ਼ਾ ਕਰਨ ਗਏ ਸੀ ਉਥੋਂ ਫੇਰ ਸਾਨੂੰ ਕੁਤਵਾਲੀ ਵਿਚ ਹੀ ਲੈ ਆਏ। ਦਾਸ ਭਾਈ ਸਾਹਿਬ ਰਣਧੀਰ ਸਿੰਘ ਜੀ ਵਾਲੀ ਕੋਠੜੀ ਦੇ ਸਾਹਮਣੇ ਖੜਾ ਸੀ ਤੇ ਭਾਈ ਸਾਹਿਬ ਜੀ ਨੇ ਖਾਲਸਈ ਬੋਲੀ ਵਿਚ ਮੇਰੇ ਵਲ ਨੂੰ ਮੁਖਾਰਬਿੰਦ ਕਰਕੇ ਕਿਹਾ ਕਿ ਭਾਈ ਸੁਰਜਨ ਸਿੰਘ ਜੀ ਹਰਨ ਸਿਉਂ ਹੋ ਜਾਵੇ ਭਾਈ ਸਾਹਿਬ ਜੀ ਦਾ ਅੰਤਰ ਗਤੀ ਭਾਵ ਇਹ ਸੀ ਕਿ ਪੁਲਸ ਮਾਰਦੀ ਬਹੁਤ ਹੈ ਕਿਤੇ ਮਾਰੇ ਕੁਟੇ ਕੁਛ ਮੰਨ ਹੀ ਨਾ ਜਾਣ। ਦਾਸ ਨੇ ਹਰਭਜਨ ਸਿੰਘ ਨੂੰ ਕਿਹਾ ਭਾਈ ਸਾਹਿਬ ਜੀ ਨੇ ਇਸ਼ਾਰਾ ਕੀਤਾ ਹੈ ਤੇ ਕਿਹਾ ਹੈ



www.AKJ.Org

ਕਿ ਤੁਸੀਂ ਹਰਨ ਸਿਓਂ ਹੋ ਜਾਵੇ ਤੇ ਤੇਰੀ ਕੀ ਸਲਾਹ ਹੈ। ਇਨ੍ਹਾਂ ਨੇ ਕਿਹਾ ਮੈਂ ਤੇਰੇ ਨਾਲ ਹੀ ਤਿਆਰ ਹਾਂ ਅਸੀਂ ਦੋਹਾਂ ਜਣਿਆਂ ਨੇ ਪਰ ਸ਼ਾਦਾ ਛਕਣ ਦੇ ਬਹਾਨੇ ਕਿਸੇ ਪੁਲਸ ਵਾਲੇ ਨੂੰ ਪੁਛ ਕੇ ਕੁਤਵਾਲੀ ਤੋਂ ਬਾਹਰ ਆ ਗਏ। ਅਸੀਂ ਦੋਹਾਂ ਨੇ ਕਿਸੇ ਦੁਕਾਨ ਤੇ ਦੁਪਹਿਰ ਦੇ ਵੇਲੇ ਦਾ ਪਰਸ਼ਾਦਾ ਸਜਾ ਲਿਆ ਤੇ ਕੁਛ ਛਕ ਲਿਆ ਤੇ ਦੋ ਤਿੰਨ ਪਰਸ਼ਦੇ ਬਚੇ ਪਏ ਸੀ ਉਹ ਵੀ ਨਾਲ ਲੈ ਲਏ ਤੇ ਸਮਰਾਲੇ ਵਾਲੀ ਸੜਕ ਨੂੰ ਪੈ ਕੇ ਮਾਛੀਵਾੜੇ ਵਲ ਨੂੰ ਤੁਰ ਪਏ। ਕਦੇ ਸੜਕੇ ਚੜ ਜਾਈਏ ਕਦੇ ਖੇਤਾਂ ਵਿਚ ਦੀ ਹੋ ਤੁਰੀਏ ਅਨੇਰੀ ਰਾਤ ਸੀ ਪਤਾ ਨਹੀਂ ਕਿੰਨੇ ਕੁ ਤੁਰੇ ਹੋਵਾਂਗੇ ਆਖਰ ਪੋਹ ਫੁਟੀ ਤਾਂ ਅਸੀਂ ਦੋਨੋਂ ਜਣੇ ਬਹੁਤ ਥਕ ਗਏ ਉਥੇ ਕਿਸੇ ਪਿੰਡ ਤੋਂ ਬਾਹਰ ਹੀ ਬੁਢਾ ਨਾਲਾ ਭੀ ਪਾਸ ਹੀ ਸੀ ਉਥੇ ਲੰਮੇ ਪੈ ਗਏ ਤੇ ਸਾਰਾ ਦਿਨ ਉਥੇ ਸੁਤੇ ਰਹੇ ਉਥੋਂ ਉਠ ਕੇ ਕਿਸੇ ਨੂੰ ਪੁਛਿਆ ਏਥੋਂ ਮਾਛੀਵਾੜਾ ਕਿੰਨੀ ਕੁ ਦੂਰ ਹੈ ਕਿਸੇ ਨੇ ਕਿਹਾ ਕਿ ਏਥੋਂ ਹੁਣ ਨੇੜੇ ਹੀ ਹੈ ਅਸੀਂ ਦੋਨੋਂ ਜਣੇ ਤੁਰ ਕੇ ਮਾਛੀ ਵਾੜੇ ਗੁਰਦਵਾਰੇ ਚਰਨ ਕੰਵਲ ਪਹੁੰਚ ਗਏ। ਉਥੇ ਨਿਹੰਗ ਸਿੰਘ ਜੈਮਲ ਸਿੰਘ ਸੀ ਅਸੀਂ ਉਸ ਨੂੰ ਕਿਹਾ ਸਾਨੂੰ ਭੁਖ ਲਗੀ ਹੈ ਪਰਸ਼ਾਦਾ ਬਖਸ਼ੋ ਉਨ੍ਹਾਂ ਨੇ ਸਾਨੂੰ ਦੋਹਾਂ ਨੂੰ ਪਰਸ਼ਾਦਾ ਛਕਾਇਆ। ਸਵੇਰੇ ਉਠ ਕੇ ਅਸੀਂ ਦੋਨੋਂ ਕਲੌੜ ਨੂੰ ਤੁਰ ਪਏ ਇਹ ਪਿੰਡ ਮੁਰਿੰਡੇ ਦੇ ਪਾਸ ਹੈ ਉਥੇ ਪਹੁੰਚ ਕੇ ਅਸੀਂ ਸੰਤਾ ਸਿੰਘ ਦੇ ਘਰ ਗਏ ਉਸ ਨੂੰ ਅਸੀਂ ਸਾਰਾ ਸਮਾਚਾਰ ਦਸਿਆ ਕਿ ਭਾਈ ਸਾਹਿਬ ਜੀ ਗਿਰਫਤਾਰ ਹੋ ਚੁਕੇ ਹਨ ਤੇ ਸਾਨੂੰ ਪੁਲਸ ਟੋਲਦੀ ਫਿਰਦੀ ਹੈ ਤੇ ਤੇਰੀ ਤਲਾਸ਼ੀ ਵੀ ਹੁਣ ਹੋ ਜਾਏਗੀ ਤੇ ਤੂੰ ਆਪਣਾ ਬੰਦੋਬਸਤ ਕਰ ਲੈ ਏਥੇ ਸਾਨੂੰ ਗਿਆਨੀ ਦਲੀਪ ਸਿੰਘ ਜੀ ਵੀ ਮਿਲ ਗਏ ਅਸੀਂ ਤਿੰਨੇ ਕਠੇ ਹੋ ਗਏ ਤੇ ਏਥੋਂ ਸਾਨੂੰ ਜਗਤ ਸਿੰਘ ਜੀ ਨੇ ਸੰਭਾਲ ਲਿਆ ਏਸ ਦਾ ਦੂਜਾ ਨਾਮ ਭਾਈ ਸਾਹਿਬ ਜੀ ਨੇ ਬਿਜਲਾਸਿੰਘ ਰਖਿਆ ਹੋਇਆ ਸੀ ਏਥੇ ਤੀ ਕੁਛ ਦਿਨ ਰਹਿਕੇ ਫਿਰ ਦੁਸਾਰਨੇ ਗਿਆਨੀ ਗੁਰਬਖ਼ਸ਼ ਸਿੰਘ ਪਾਸ ਚਲੇ ਗਏ ਏਥੇ ਕੁਝ ਦਿਨ ਠਹਿਰੇ ਫਿਰ ਹਿਰਦਾਪੁਰ ਪਰਖਾਲੀ ਠੇਹਰੇ ਏਥੋਂ ਚਲ ਕੇ ਢੰਗਰ਼ ਡੇਰਾ ਸੀ ਇਸ ਦਾ ਮਾਲਕ ਖ਼ੁਦਾ ਸਿੰਹੁ ਸੀ ਏਥੇ ਭੀ ਦੋ ਦਿਨ ਠਹਿਰੇ ਫੇਰ ਕੁਬਾਹੇੜੀ ਇਕ ਸਾਧ ਪਾਸ ਰਹੇ ਫੇਰ ਉਥੋਂ ਕੂਚ ਕਰਕੇ ਖੇੜੇ ਪਿੰਡ ਲੰਬੜਦਾਰ ਦੇ ਘਰ ਭਗਵਾਨ ਸਿੰਘ ਜੀ ਪਾਸ ਠਹਿਰੇ ਏਥੋਂ ਤੁਰ ਕੇ ਅਸੀਂ ਤਿੰਨੇ ਜਣੇ ਝਿੜੇ ਸਾਰਿਬ ਜੀ ਜਾ ਠਹਿਰੇ ਉਸ ਤੋਂ ਬਾਦ ਸ੍ਰੀ ਅਨੰਦ ਪੁਰ ਸਾਹਿਬ ਜਾ ਪਹੁੰਚੇ ਉਥੇ ਦੋ ਦਿਨ ਠਹਰੇ ਤੇ ਗੁਰੂ ਕੇ ਲਹੌਰ ਰਾਤ ਜਾ ਕਟੀ ਉਥੋਂ ਚਲ ਕੇ ਜਿਥੇ ਹੁਣ ਭਾਖੜਾ ਨੰਗਲ ਬਣਿਆ ਹੈ ਇਥੇ ਦਰਿਆ ਦੇ ਕਨਾਰੇ ਜਾ ਕੇ ਕਿਸ਼ਤੀ ਵਾਲੇ ਨੂੰ ਆਵਾਜ਼ ਮਾਰੀ ਤੇ ਕਿਹਾ ਸਾਨੂੰ ਪਾਰ ਕਰ ਦੇ ਤੇ ਕਿਸ਼ਤੀ ਵਾਲੇ ਨੇ ਸਾਥੋਂ ਦੋ ੨ ਆਨੇ ਲਏ ਤਾਂ ਸਾਨੂੰ ਪਾਰ ਕਰ ਦਿਤਾ। ਉਥੇ ਸਾਨੂੰ ਬਹੁਤ ਭੁਖ ਲਗੀ ਹੋਈ ਸੀ ਉਥੇ ਜਾ ਕੇ ਅਸੀਂ ਗੁਰਦੁਆਰਾ ਲਭਿਆ ਏਸ ਅਸਥਾਨ ਦਾ ਨਾਮ ਭਿਬੌਰ ਸਾਹਿਬ ਸੀ ਏਥੇ ਦਸਮੇਸ਼ ਪਿਤਾ ਜੀ ਨੇ ਜੰਗ ਕੀਤਾ ਹੈ ਉਥੇ ਸਾਨੂੰ ਹਨੇਰਾ ਹੋ ਗਿਆ ਤੇ ਅਸੀਂ ਆਟਾ ਤੇ ਕੁਝ ਸ਼ਕਰ ਦੁਕਾਨ ਤੋਂ ਲਈ ਤੇ ਪਰਸ਼ਾਦਾ ਸਜਾ ਕੇ ਛਕਿਆ ਤੇ ਅਸੀਂ ਤਿੰਨੇ ਜਣਿਆਂ ਨੇ ਰਾਤ ਭਿਬੌਰ ਸਾਹਿਬ ਕਟੀ ਸਵੇਰੇ ਹੀ ਊਨੇ ਵਲ ਨੂੰ ਕੂਚ ਕਰ ਦਿਤਾ ਸ਼ਾਮ ਨੂੰ ਅਸੀ ਊਨੇ ਪਹੁੰਚ ਗਏ ਏਥੇ ਬੇਦੀ ਸਾਹਿਬ ਸਿੰਘ ਜੀ ਦਾ ਗੁਰਦੁਆਰਾ ਸੀ ਏਥੇ ਰਾਤ ਕਟੀ ਦੂਜੇ ਦਿਨ ਹੁਸ਼ਿਆਰ ਪੁਰ ਵਲ ਨੂੰ ਤੁਰ ਪਏ ਸਾਨੂੰ ਰਸਤੇ ਵਿਚ ਹੀ ਸ਼ਾਮ ਪੈ ਗਈ ਏਥੇ ਸਾਨੂੰ ਇਕ ਪੁਲਸਦਾ ਆਦਮੀ ਜਿਹੜਾ ਚਿਟੇ ਕਪੜਿਆਂ ਵਿਚ ਸੀ ਮਿਲ ਗਿਆ ਕਹਿਣ ਲਗਾ ਕਿ ਤੁਸੀ ਪੇਸ਼ਕਬਜ਼ਾ ਰਖੀਆਂ ਹੋਈਆਂ ਹਨ ਇਹ



www.AKJ.Org

ਕਨੂੰਨ ਤੋਂ ਉਲਟ ਹਨ ਚਲੋ ਠਾਣੇ ਨੂੰ, ਅਸੀਂ ਕਿਹਾ ਇਹ ਤਾਂ ਕਿਰਪਾਨਾ ਹਨ ਸਿਖ ਹਮੇਸ਼ਾ ਹੀ ਪਹਿਨਦੇ ਹਨ ਉਸ ਨੇ ਇਕ ਨਾ ਸੁਣੀ ਸਾਨੂੰ ਤਿੰਨਾਂ ਨੂੰ ਹੀ ਠਾਣੇ ਵਲ ਨੂੰ ਲੈ ਤੁਰਿਆ ਉਹ ਪੁਲਸੀਆ ਸਾਥੋਂ ਪੰਜਾਹ ਕੁ ਕਦਮ ਅਗੇ ਸੀ ਤੇ ਮੈਂ ਭਾਈ ਦਲੀਪ ਸਿੰਘ ਨੂੰ ਕਿਹਾ ਇਹ ਇਕੱਲਾ ਹੀ ਹੈ ਉਤੋਂ ਹਨੇਰਾ ਹੋਣ ਵਾਲਾ ਹੈ ਜਾਂ ਤਾਂ ਇਸ ਨੂੰ ਸੋਧ ਦੇਈਏ ਭਾਈ ਦਲੀਪ ਸਿੰਘ ਜੀ ਨੇ ਮੈਨੂੰ ਕੋਈ ਉਤਰ ਨਾ ਦਿਤਾ ਮੈਂ ਤਾਂ, ਇਕ ਮਕੀ ਦਾ ਖੇਤ ਸੀ ਉਸ ਵਿਚ ਵੜ ਗਿਆ ਉਸ ਤੋਂ ਅਗੇ ਇਕ ਸੰਘਣਾ ਖੇਤ ਸੀ ਉਸ ਵਿਚ ਲੁਕ ਗਿਆ ਉਸ ਪੁਲਸੀਏ ਨੇ ਭਾਈ ਹਰਭਜਨ ਸਿੰਘ ਨੂੰ ਤੇ ਭਾਈ ਦਲੀਪ ਸਿੰਘ ਜੀ ਨੂੰ ਪੁਛਿਆ ਤੀਜਾ ਆਦਮੀ ਕਿਧਰ ਗਿਆ ਇਨਾਂ ਨੇ ਕਿਹਾ ਇਹ ਆਦਮੀ ਸਾਡੇ ਨਾਲ ਦਾ ਨਹੀ ਇਹ ਤਾਂ ਸਾਡੇ ਨਾਲ ਥੋੜੀ ਦੂਰ ਤੋਂ ਹੀ ਰਲਿਆ ਸੀ।

(ਚਲਦਾ)

## ਜ਼ਰੂਰੀ ਸੂਚਨਾ

ਸਰਬਤ ਗੁਰਮੁਖ ਪਿਆਰਿਆਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਭਾਈ ਸਾਹਿਬ ਮਹਿੰਦਰ ਸਿੰਘ ਜੀ ਗੁਰੂ ਘਰ ਕੇ ਕੀਰਤਨੀਏ ਪਟਿਆਲਾ ਤੋਂ ਤਬਦੀਲ ਹੋ ਕੇ ਸਿਸੂ (ਕੁਲੂ) ਰੁਤਾਂਗ ਪਾਸ, ਹਿਮਾਚਲ ਪ੍ਰਦੇਸ਼ ਵਿਖੇ ਮਿਤੀ ੨੦-੯-੬੬ ਨੂੰ ਚਲੇ ਗਏ ਹਨ। ਕੋਈ ਭੀ ਗੁਰਮੁਖ ਪਿਆਰਾ, ਪਟਿਆਲਾ ਵਿਖੇ ਉਹਨਾਂ ਦੇ ਨਾਮ (By name) ਚਿਠੀ ਪਾਉਣ ਦੀ ਖੇਚਲਾ ਨਾ ਕਰੇ ਤੇ ਨਾਂ ਹੀ ਉਹਨਾਂ ਦੇ ਨਾਮ ਤੇ ਕੋਈ, Cheque, ਮਾਇਆ ਆਦਿ 'ਸੂਰਾ' ਦੀ ਸਹਾਇਤਾ ਲਈ ਭੇਜੇ। ਕੇਵਲ ਮੈਨੇਜਰ, 'ਸੂਰਾ' ਪਟਿਆਲਾ ਦੇ ਨਾਮ ਤੇ ਹੀ ਚਿਠੀ ਪਤਰ ਕੀਤਾ ਜਾਵੇ। ਸੰਪਾਦਿਕ

## * ਬੇਨਤੀ *

ਜਿਨ੍ਹਾਂ ਵੀਰਾਂ ਨੂੰ ਨਮੂਨੇ ਵਜੋਂ ਮਾਸਕ ਪੱਤਰ 'ਸੂਰਾ' ਭੇਜਿਆ ਜਾ ਰਿਹਾ ਹੈ ਉਹਨਾਂ ਦੇ ਚਰਨਾ ਵਿਖੇ ਨਿਮਰਤਾ ਸਹਿਤ ਬੇਨਤੀ ਹੈ ਕਿ ਆਪਣਾ ਸਾਲਾਨਾ ਚੰਦਾ ਪੰਜ ਰੁਪੈ ਹੇਠ ਲਿਖੇ ਪਤੇ ਤੇ ਭੇਜਣ ਦੀ ਕ੍ਰਿਪਾਲਤਾ ਕਰਨ।

—ਮੈਨੇਜਰ



www.AKJ.Org

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ

| | |
|---|---|
| ੧. ਜੇਲ੍ਹ ਚਿੱਠੀਆਂ | ੫.੦੦ |
| ੨. ਗੁਰਮਤ ਨਾਮ ਅਭਿਆਸ ਕਮਾਈ | ੨.੫੦ |
| ੩ ਗੁਰਮਤ ਲੇਖ | ੨.੫੦ |
| ੪. ਗੁਰਮਤ ਬਿਬੇਕ | ੩.੦੦ |
| ੫. ਸੱਚਖੰਡ ਦਰਸ਼ਨ | ੦.੭੫ |
| ੬. ਕੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁਤ ਪ੍ਰਸਤੀ ਹੈ ? | ੧.੦੦ |
| ੭. ਚਰਨ ਕਮਲ ਕੀ ਮਉਜ | ੦.੮੮ |
| ੮. ਅਣਡਿਠੀ ਦੁਨੀਆਂ | ... |
| ੯. ਕਰਮ ਫਿਲਾਸਫੀ | ... |
| ੧੦. ਅਨਹਦ ਸ਼ਬਦ ਦਸਮ ਆਰ | ੨.੫੦ |
| ੧੧. ਗੁਰਮਤ ਸਚ ਨਿਰਣੈ | ... |
| ੧੨. ਅੰਮ੍ਰਿਤ ਕਲਾ | ੦.੪੦ |
| ੧੩. ਅੰਮ੍ਰਿਤ ਕੀ ਹੈ ? | ੦.੩੦ |
| ੧੪. ਸੁਪਨਾ | ... |
| ੧੫. ਬਾਬਾ ਵੈਦ ਰੋਗੀਆਂ ਦਾ | ੦.੨੦ |
| ੧੬. ਗਯਾਨ ਚਾਨਣਾ | ... |
| ੧੭, ਹਉਮੈ ਨਾਵੈ ਨਾਲਿ ਵਿਰੋਧ | ੦.੨੦ |
| ੧੮. ਦਰਸ਼ਨ ਝਲਕਾਂ (ਕਵਿਤਾ) | ... |
| ੧੯. ਜੋਤਿ ਵਿਗਾਸ (ਕਵਿਤਾ) | ... |
| ੨੦. ਕਥਾ ਕੀਰਤਨ | ੨.੦੦ |
| ੨੧. ਰੰਗਲੇ ਸਜਣ | ੨.੫੦ |
| ੨੨. ਸਿੱਖ ਕੌਣ ਹੈ ? | ੦.੧੫ |
| ੨੩. ਆਸਤਕ ਨਾਸਤਕ | ੦.੧੨ |
| ੨੪. ਕੋ ਵਿਰਲਾ ਗੁਰਮਤਿ ਚਲੈ | ੦.੨੦ |
| ੨੫. ਸਚੀਆਂ ਦਾਹੜੀਆਂ | ੦.੧੨ |
| ੨੬. ਸੰਤ ਪਦ ਨਿਰਣੈ | ੨.੨੫ |
| ੨੭. ਗੁਰਮਤ ਰਮਜ਼ਾਂ | ੦.੬੨ |
| ੨੮. ਗੁਰਬਾਣੀ ਦੀਆਂ ਲਗਾਂ ਮਾਤਰਾਂ ਦੀ ਵਿਲਖਣਤਾ | ... |
| ੨੯. ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦.੧੦ |
| ੩੦. ਸਿੰਘਾਂ ਦਾ ਪੰਥ ਨਿਰਾਲਾ | ੦.੪੦ |
| ੩੧. ਅਕਾਲ ਪੁਰਖ ਦੇ ਪ੍ਰਤੱਖ ਦਰਸ਼ਨ | ੦.੨੦ |
| ੩੨. ਵਾਹਿਗੁਰੂ ਸਿਮਰਣ | ... |
| ੩੩. ਗੁਰਮਤ ਪ੍ਰਕਾਸ਼ | ੧.੫੦ |
| ੩੪. ਸਿਖੀ ਸਿਦਕ ਤੇ ਧਰਮ ਰਖਿਆ | ੦.੨੦ |
| ੩੫. ਨਿਰਬਾਣ ਕੀਰਤਨੀ ਜੱਥੇ ਦੇ ਸਿੰਘਾਂ ਦਾ ਦਾਸਤਾਨ | ੦.੩੦ |
| ੩੬. ਝਟਕਾ ਮਾਸ ਪਰਥਾਇ ਤੱਤ ਗੁਰਮਤਿ ਨਿਰਣਯ | ੧.੪੦ |
| ੩੭. ਗੁਰਮਤ ਵੀਚਾਰ | ੦.੮੦ |
| ੩੮. ਨਾਮ ਦਾ ਦਾਤਾ ਤੇ ਸਿਮਰਨ ਦਾ ਦਾਤਾ ਸਤਿਗੁਰੂ | ੦.੭੫ |

## ਮਾਸਕ ਪੱਤਰ ਸੂਰਾ ਪਟਿਆਲਾ
## ਦਾ ਸਾਲਾਨਾ ਚੰਦਾ

| | |
|---|---|
| ਦੇਸ਼ | ੫.੦੦ |
| ਪ੍ਰਦੇਸ | ੭.੦੦ |
| ਇਕ ਪਰਚਾ | ੦.੫੦ |

—ਮੈਨੇਜਰ

ਚੀਫ਼ ਪ੍ਰਿੰਟਿੰਗ ਪ੍ਰੈਸ, ਗਊਸ਼ਾਲਾ ਰੋਡ, ਪਟਿਆਲਾ ਤੋਂ ਅਖੰਡ ਕੀਰਤਨੀ ਜੱਥਾ ਪਟਿਆਲਾ ਲਈ ਮਨੋਹਰ ਸਿੰਘ ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫਤਰ "ਸੂਰਾ" ਪ੯੪-੩, ਖਾਲਸਾ ਮਹੱਲਾ, ਪਟਿਆਲਾ ਤੋਂ ੫ ਅਕਤੂਬਰ ੧੯੬੬ ਨੂੰ ਪ੍ਰਕਾਸ਼ਕ ਕੀਤਾ ।

www.AKJ.Org